ਸਾਫ਼ ਦਿਲ ਕੋ ਕਸਰਤੇ ਏਜਾਜ਼ ਕੀ ਹਾਜਤ ਨਹੀਂ
ਇਕ ਨਿਸ਼ਾਂ ਕਾਫ਼ੀ ਹੈ ਗਰ ਦਿਲ ਮੇਂ ਹੋ ਖ਼ੌਫ਼ੇ ਕਿਰਦਿਗਾਰ

# ਰੱਬ ਦੀ ਸਹੁੰ

## (ਖ਼ੁਦਾ ਦੀ ਕਸਮ)

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਸਾਹਬ ਕਾਦੀਆਨੀ
ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ ਦੀਆਂ ਰਚਨਾਵਾਂ'ਚੋਂ

ਸੰਕਲਨ
ਬਸ਼ੀਰੁੱਦੀਨ ਅਲਾਹਦੀਨ

# خدا کی قسم

از تصنیفات حضرت مرزا غلام احمد صاحب قادیانی مسیح موعود و مہدی معہود علیہ السلام

# ਰੱਬ ਦੀ ਸਹੁੰ

**ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ ਬਾਨੀ ਵਿਸ਼ਵਵਿਆਪੀ ਅਹਮਦੀਆ ਮੁਸਲਿਮ ਜਮਾਤ ਦੀਆਂ ਰਚਨਾਵਾਂ'ਚੋਂ**

**ਸੰਕਲਨ : ਬਸ਼ੀਰੁੱਦੀਨ ਅਲਾਹਦੀਨ**
**ਅਨੁਵਾਦਕ : ਗਿਆਨੀ ਸ਼ਮਸ਼ਾਦ ਅਹਮਦ ਅਦਨ**
**ਪ੍ਰਕਾਸ਼ਕ : ਰਾਸ਼ਿਦ ਮੁਹੱਮਦ ਅਲਾਹਦੀਨ**
**ਕਾਦੀਆ – 143516, ਜ਼ਿਲਾ ਗੁਰਦਾਸਪੁਰ, ਪੰਜਾਬ, ਭਾਰਤ**
**ਸੰਸਕਰਣ ਪਹਿਲਾ : ਦਸੰਬਰ 2017**
**ਗਿਣਤੀ : 1000**
**ਛਾਪਕ : ਪ੍ਰਿੰਟਵੈਲ ਅਮ੍ਰਤਸਰ**

Name of BooK : RUB DI SAHUN
(KHUDA KI QASAM)
(Orignal Book in Urdu, Published in 1988.)
Compilation By : Bashiruddin Alahdin
Punjabi Translation By :
Giyani Shamshad Ahmad eden
Published By : Rashid Mohammad Alahdin
Qadian-143516,
District-Gurdaspur, Punjab (INDIA)
Eddition First : Dec. 2017
Copies : 1000
Printed At : Printwell Amritsar

# ਪਿਆਰੇ ਸਜੱਣੋ !

ਮਨੁੱਖੀ ਇਤਿਹਾਸ ਵਿੱਚ ਕਦੇ ਵੀ ਅਜਿਹਾ ਨਹੀਂ ਹੋਇਆ ਕਿ ਕਿਸੇ ਨੇ ਝੂਠ ਬੋਲਿਆ ਹੋਵੇ ਅਤੇ ਫਿਰ ਰੱਬ ਨੂੰ ਆਪਣੀ ਤਬਾਹੀ ਲਈ ਗਵਾਹ ਦੱਸਿਆ ਹੋਵੇ ਅਤੇ ਇਸ ਵਿੱਚ ਸਫ਼ਲ ਵੀ ਹੋਇਆ ਹੋਵੇ । ਪਰੰਤੂ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ (ਭਾਰਤ) ਉਹ ਇੱਕੋ ਇਕ ਵਿਅਕਤੀ ਹਨ ਜਿੰਨ੍ਹਾ ਨੇ ਆਪਣੀਆਂ ਦੁਆਵਾਂ ਲਈ ਰੱਬ ਨੂੰ ਗਵਾਹ ਬਣਾਇਆ ਅਤੇ ਸਫ਼ਲ ਵੀ ਹੋਏ ਕਿਉਂਕਿ ਉਹ ਸਚਾਈ ਦੇ ਪੁੰਜ ਸਨ ਜਿਸ ਕਰਕੇ ਰੱਬ ਨੇ ਉਹਨਾਂ ਨੂੰ ਉਹਨਾਂ ਦੇ ਉਦੇਸ਼ਿਆਂ ਵਿੱਚ ਸਫ਼ਲਤਾ ਪ੍ਰਦਾਨ ਕੀਤੀ ਅਤੇ ਉਹਨਾ ਨੇ ਇਮਾਮ ਮਹਦੀ ਹੋਣ ਦਾ ਦਾਵਾ ਕੀਤਾ ਵੀ ਹੈ । ਇਹਨਾਂ ਹੀ ਗਵਾਹੀਆਂ ਨੂੰ ਉਹਨਾਂ ਦੀਆਂ ਰਚਨਾਵਾਂ ਵਿੱਚੋਂ ਇਕਤੱਰ ਕਰਕੇ ਇਸ ਕਿਤਾਬ 'ਰੱਬ ਦੀ ਸਹੁੰ' (ਖ਼ੁਦਾ ਕੀ ਕਸਮ) ਵਿੱਚ ਵਰਨਣ ਕੀਤਾ ਗਿਆ ਹੈ । ਹੁਣ ਇਹ ਕਿਤਾਬ ਅਧਿਐਨ ਲਈ ਹੋਰਨਾ ਭਾਸ਼ਾਵਾਂ ਵਿੱਚ ਹੇਠ ਲਿਖੇ ਅਨੁਸਾਰ ਅਧਿਐਨ ਕੀਤੀਆਂ ਜਾ ਸਕਦੀਆਂ ਹਨ :

ਉਰਦੂ ਲਈ : http//tinyurl.com/kkqurdu

ਅੰਗ੍ਰੇਜ਼ੀ ਲਈ : http//tinyurl.com/bygod-kkq

ਹਿੰਦੀ ਲਈ : http//tinyurl.com/kkqhindi

ਬੰਗਲਾ ਲਈ : http//tinyurl.com/kkqbangla

ਇਸ ਕਿਤਾਬ ਵਿੱਚ ਆਪ ਅਲੈਹਿ ਸਲਾਮ ਦੀਆਂ ਉਹਨਾ ਸਹੁੰਆਂ ਦਾ ਸੰਕਲਨ ਕੀਤਾ ਗਿਆ ਹੈ ਜੋ ਆਪ ਅਲੈਹਿ ਸਲਾਮ ਨੇ ਆਪਣੇ ਦਾਵੇ ਦੀ ਸਚੱਾਈ ਲਈ ਆਪਣੀਆਂ ਰਚਨਾਵਾਂ ਵਿੱਚ 47 ਸਹੁੰਆਂ ਖਾਧੀਆਂ ਹਨ ਕਿ ਉਹ ਉਹੋ ਹੀ ਇਮਾਮ ਮਹਦੀ ਹਨ ਜਿਸਦੀ ਸਾਰੀਆਂ ਕੌਮਾਂ ਉਡੀਕ ਕਰ ਰਹੀਆਂ ਹਨ । ਉਹਨਾਂ ਨੇ ਵਾਰ ਵਾਰ ਰੱਬ ਦੀ ਸਹੁੰ ਖਾਕੇ ਕਿਹਾ ਹੈ ਕਿ ਮੈਂ ਉਹੋ ਹੀ ਇਮਾਮ ਮਹਦੀ ਹਾਂ ਅਤੇ ਜੇਕਰ ਇਹ ਝੂਠ ਹੈ ਤਾਂ ਝੂਠੇ ਉਪੱਰ ਰੱਬ ਦੀ ਲਾਨ੍ਹਤ ।

ਇਸ ਵਿੱਚ ਉਹਨਾਂ ਨੇ ਪੂਰੇ ਵਸੂਕ ਨਾਲ ਦਾਵਾ ਕੀਤਾ ਹੈ ਕਿ ਮੈਂ ਸਚੱਾ ਹਾਂ ਅਤੇ ਰੱਬ ਮੇਰੇ ਨਾਲ ਹੈ ਅਤੇ ਇਸ ਵਿੱਚ ਮੈਂ ਸਫ਼ਲ ਹੋਵਾਂਗਾ ।

ਉਹਨਾਂ ਨੇ ਕਿੰਨ੍ਹੀ ਸੋਹਣੀ ਦੁਆ ਕੀਤੀ ਹੈ ਕਿ 'ਹੇ, ਮੇਰੇ ਰੱਬ ! ਤੂੰ ਰਹੀਮ ਹੈਂ ਅਤੇ ਮੇਰੀਆਂ ਦੁਆਵਾਂ ਨੂੰ ਪਰਵਾਨਗੀ ਬਖ਼ਸ਼ ਅਤੇ ਮੈਂਨੂੰ ਸਫ਼ਲਤਾ ਪ੍ਰਦਾਨ ਕਰ ਮੇਰੇ ਦੁਸ਼ਮਣਾ ਪ੍ਰਤੀ ਪ੍ਰਤੱਖ ਚਮਤਕਾਰਾਂ ਨਾਲ ਕਿਉਂਕਿ ਤੂੰ ਹੀ ਸਚੱਾ ਤੇ ਸਰਬ ਸ਼ਕਤੀਮਾਨ ਹੈਂ ।'

ਆਪ ਅਲੈਹਿ ਸਲਾਮ ਨੂੰ ਅਸੰਖ ਵਿਰੋਧਤਾਵਾਂ ਦਾ ਸਾਹਮਣਾ ਕਰਨਾ ਪਿਆ । ਆਪ ਆਪਣੀਆਂ ਲੇਖਣੀਆਂ ਵਿੱਚ ਰੱਬ ਤੋਂ ਰੋ ਰੋਕੇ ਦੁਆ ਮੰਗਦੇ ਹਨ ਜਿਵੇਂ ਕਿ ਇਕ ਥਾਂ ਇਉਂ ਲਿਖੱਦੇ ਹਨ :

"ਹੇ ਕਾਦਰ ਤੇ ਧਰਤੀ ਤੇ ਆਕਾਸ਼ਾਂ ਦੇ ਪੈਦਾ ਕਰਨ ਵਾਲੇ, ਹੇ ਰਹੀਮ, ਮਿਹਰਬਾਨ ਤੇ ਮਾਰਗ ਦਰਸ਼ਕ, ਹੇ ਉਹ ਜੋ ਦਿਲਾਂ'ਤੇ ਨਜ਼ਰ ਰਖੱਦਾ ਹੈ, ਹੇ ਉਹ ਹਸਤੀ ਜਿਸ ਤੋਂ ਕੋਈ ਚੀਜ਼ ਲੁਕੀ ਹੋਈ ਨਹੀਂ ! ਜੇਕਰ ਤੂੰ ਮੈਂਨੂੰ ਅਵਗਿਆਕਾਰ ਤੇ ਸ਼ੇਖ਼ੀ ਭਰਿਆ ਦੇਖਦਾ ਹੈਂ, ਜੇਕਰ ਤੂੰ ਮੈਂਨੂੰ ਦੇਖ ਲਿਆ ਹੈ ਕਿ ਮੈਂ ਵਾਸਤਵ ਵਿੱਚ ਬਦ (ਭੈੜਾ) ਹਾਂ ਤਾਂ ਤੂੰ ਮੈਨੂੰ ਭੈੜੇ ਨੂੰ ਟੋਟੇ ਟੋਟੇ ਕਰ ਦੇ ਅਤੇ ਮੇਰੇ ਵਿਰੋਧੀਆਂ ਨੂੰ ਖ਼ੁਸ਼ ਕਰ ਦੇ । ਉਹਨਾਂ ਦੇ ਦਿਲਾਂ ਵਿੱਚ ਆਪਣੀ ਰਹਮਤ ਦੇ ਬਦੱਲ ਵਰ੍ਹਾ ਅਤੇ ਆਪ ਮਿਹਰ ਨਾਲ ਉਹਨਾਂ ਦੀ ਹਰ ਮੁਰਾਦ ਪੂਰੀ ਕਰ ਅਤੇ ਮੇਰੇ ਘਰਬਾਰ'ਤੇ ਅੱਗ ਵਰ੍ਹਾ । ਮੇਰਾ ਦੁਸ਼ਮਣ ਬਣ ਜਾ ਅਤੇ ਮੇਰਾ ਸਾਰਾ ਕਾਰੋਬਾਰ ਤਬਾਹ ਕਰ ਦੇ, ਪਰੰਤੂ ਜੇਕਰ ਤੂੰ ਮੈਂਨੂੰ ਆਪਣਾ ਆਗਿਆਕਾਰ ਦੇਖਿਆ ਹੈ ਅਤੇ ਮੇਰੇ ਦਿਲ ਵਿੱਚ ਉਹ ਪ੍ਰੇਮ ਦੇਖਿਆ ਹੈ ਜਿਸ ਦਾ ਭੇਦ ਤੂੰ ਦੁਨੀਆਂ ਤੋਂ ਗੁਪਤ ਰੱਖਿਆ ਹੈ ਤਾਂ ਤੂੰ ਮੇਰੇ ਨਾਲ ਪ੍ਰੇਮ ਪੂਰਬਕ ਪੇਸ਼ ਆ ਅਤੇ ਉਹਨਾ ਗੁਪੱਤ ਭੇਦਾਂ ਨੂੰ ਥੋੜਾ ਜਿਹਾ ਪ੍ਰਕਟ ਕਰ ਦੇ ।"

ਕੋਈ ਝੂਠਾ ਮਨੁੱਖ ਇਸ ਪ੍ਰਕਾਰ ਦਾ ਪ੍ਰਤਾਪ ਰਖੱਣ ਵੀ ਦੁਆ ਨਹੀਂ ਕਰ ਸਕਦਾ । ਆਪ ਅਲੈਹਿ ਸਲਾਮ ਦਾ ਉਦੇਸ਼ ਮਾਨਵੀ ਜਗਤ ਨੂੰ ਇਕਮੁੱਠ ਕਰਨਾ

ਅਤੇ ਰੱਬ ਵੱਲ ਆਕਰਸ਼ਤ ਕਰਕੇ ਇਸਲਾਮ ਬਾਰੇ ਫੈਲੇ ਭੁਲੇਖਿਆਂ ਨੂੰ ਦੂਰ ਕਰਕੇ ਉਸ ਦੀ ਵਾਸਤਵ ਸਿਥਿਤੀ ਤੇ ਸੁੰਦਰਤਾ ਨੂੰ ਪੇਸ਼ ਕਰਨਾ ਹੈ ।

ਰੱਬ ਨੇ ਆਪ ਨੂੰ ਅਸੰਖ ਸਫ਼ਲਤਾਵਾਂ, ਪੁਰਸਕਾਰਾਂ ਤੇ ਉਪਹਾਰਾਂ ਨਾਲ ਨਵਾਜਿਆ ਹੈ ਅਤੇ ਆਪ ਐਲਹਿ ਸਲਾਮ ਦੀ ਜਮਾਤ ਜਿਸ ਨੇ ਅਨੇਕਾ ਹੀ ਔਕੁੜਾਂ ਝੱਲੀਆਂ ਤੇ ਕੁਰਬਾਨੀਆਂ ਦਿੱਤੀਆਂ, ਅੱਜ ਪ੍ਰਗਤੀ ਦੇ ਸ਼ਾਹ ਮਾਰਗਾਂ ਤੇ ਤੁਰਦਿਆਂ ਸੰਸਾਰ ਦੇ 209 ਦੇਸ਼ਾਂ ਵਿੱਚ ਕਰੋੜ੍ਹਾਂ ਦੀ ਸੰਖਿਆ ਵਿੱਚ ਫੈਲੀ ਹੋਈ ਹੈ ।

ਵਧੇਰੇ ਜਾਣਕਾਰੀ ਲਈ ਸਾਡੀ ਵੈਬਸਾਈਟ www.alislam.org ਉਪੱਰ ਅਧਿਐਨ ਕਰੋ ।

بِسۡمِ اللّٰہِ الرَّحۡمٰنِ الرَّحِیۡمِ

نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

**ਬਿਸਮਿਲੱਾਹਿਰ ਰਹਮਾਨਿਰ ਰਹੀਮ**

**ਨਹਮੁਦੁਹੂ ਵ ਨੁਸੱਲੀ ਅਲਾ ਰਸੂਲਿਹਿਲ ਕਰੀਮ ਵ ਅਲਾ ਅਬਦਿਹਿਲ ਮਸੀਹਿਲ ਮੋਊਦ**

# ਬਿਨਤੀ

ਰੱਬ ਦਾ ਸ਼ੁਕਰ ਹੈ ਕਿ ਵਿਨਮ੍ਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਉਹਨਾਂ ਸਹੁੰਆਂ (ਕਸਮਾਂ) ਨੂੰ ਜੋ ਆਪ ਨੇ ਰੱਬ ਦੇ ਨਾਂ'ਤੇ ਖਾਧੀਆਂ ਹਨ, ਆਪ ਜੀ ਦੀਆਂ ਹੀ ਰਚਨਾਵਾਂ ਵਿੱਚੋਂ ਇਕ ਥਾਂ ਇਕਤੱਰ ਕਰਕੇ ਪ੍ਰਕਾਸ਼ਤ ਕਰ ਰਿਹਾ ਹੈ ਤਾਂ ਜੋ ਲੋਕ ਜਿੰਨ੍ਹਾ ਦੇ ਮਨਾਂ ਵਿੱਚ ਰੱਬ ਦਾ ਡਰ ਹੈ ਇਸ ਨੂੰ ਪੜ੍ਹਕੇ ਆਪ ਦੀ ਸਚੱਾਈ ਨੂੰ ਜਾਣ ਸਕਣ । ਵਿਨਮ੍ਰ ਸ਼੍ਰੀਮਾਨ ਡਾਕਟਰ ਮੁਹਮੱਦ ਹੁਸੈਨ ਸਾਹਬ ਸਾਜਦ ਅਤੇ ਸ਼੍ਰੀਮਾਨ ਰਾਸ਼ਿਦ ਮੁਹਮੱਦ ਅਲਾਹਦੀਨ ਸਾਹਬ ਦਾ ਬਹੁਤ ਧੰਨਵਾਦੀ ਹੈ ਕਿ ਇਹਨਾਂ ਦੇ ਬਹੁਮੁੱਲ ਸਹਿਯੋਗ ਨਾਲ ਇਸ ਕਿਤਾਬ ਨੂੰ ਪ੍ਰਕਾਸ਼ਤ ਕਰਨ ਦਾ ਰੱਬ ਨੇ ਸੰਜੋਗ ਪ੍ਰਦਾਨ ਕੀਤਾ ਹੈ । ਜਜ਼ਾਕੁਮੁਲੱਾਹ (ਰੱਬ ਇਹਨਾਂ ਨੂੰ ਚੰਗਾ ਪ੍ਰਤੀਫ਼ਲ ਪ੍ਰਦਾਨ ਕਰੇ) । ਦੁੱਖ ਇਸ ਗੱਲ ਦਾ ਹੈ ਕਿ ਇਸ ਕਿਤਾਬ ਨੂੰ ਪ੍ਰਕਾਸ਼ਤ ਕਰਨ ਤੋਂ ਪਹਿਲਾਂ ਹੀ ਡਾਕਟਰ ਮੁਹੱਮਦ ਹੁਸੈਨ ਸਾਹਬ ਸਾਜਦ 25 ਮਈ 1988 ਈ. ਵਿੱਚ ਸਵਰਗਾਂ ਨੂੰ ਚੱਲ ਵੱਸੇ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਅਲੱਾਹ ਤਆਲਾ ਮਰਹੂਮ ਨੂੰ ਬਖਸ਼ੇ ਅਤੇ ਉਹਨਾਂ ਦੇ ਦਰਜਿਆਂ ਨੂੰ ਬਹੁਤ ਬੁਲੰਦ ਕਰੇ ਅਤੇ ਹਜ਼ਰਤ ਰਸੂਲੇ ਕਰੀਮ[ਸ.ਅ.ਵ.] ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪਵਿੱਤਰ ਚਰਣਾ ਵਿੱਚ ਅਸਥਾਨ ਪ੍ਰਦਾਨ ਕਰੇ । ਆਮੀਨ । ਰੱਬ ਉਹਨਾਂ ਦੀ ਸੁਪਤਨੀ ਸਿੱਦੀਕਾ ਬੇਗ਼ਮ ਸਾਹਿਬਾ (ਸਪੁੱਤਰੀ ਸੇਠ ਅਲੀ ਮੁਹਮੱਦ ਅਲਾਹਦੀਨ ਸਾਹਬ) ਅਤੇ ਛੋਟੇ ਛੋਟੇ

ਮਾਸੂਮ ਬੱਚਿਆਂ ਦਾ ਸੁਰੱਖਿਅਕ ਤੇ ਸਹਾਈ ਹੋਵੇ ਅਤੇ ਸਾਰਿਆਂ ਨੂੰ ਆਪਣੀ ਸੁਰੱਖਿਆ ਵਿੱਚ ਰੱਖੇ । ਆਮੀਨ ।

ਸਵਰਗੀ ਡਾਕਟਰ ਸਾਹਬ ਦੀ ਪ੍ਰਬਲ ਇੱਛਾ ਕਰਕੇ ਮੈਂ ਇਸ ਕਿਤਾਬ ਨੂੰ ਸਵਰਗੀ ਡਾਕਟਰ ਖ਼ਲੀਲ ਅਹਮਦ ਸਾਹਬ ਨਾਸਿਰ ਨੂੰ ਸਮਰਪਤ ਕਰਦਾ ਹਾਂ ਜਿੰਨ੍ਹਾ ਨੂੰ ਮੈਂ ਆਪਣੇ ਵਿਦਿਆਰਥੀ ਹੋਣ ਦੇ ਸਮੇਂ ਤੋਂ ਜਾਣਦਾ ਹਾਂ ਜੋ ਬਹੁਤ ਹੀ ਨੇਕ ਅਤੇ ਇਸਲਾਮ ਤੇ ਅਹਮਦੀਅਤ ਦੇ ਪ੍ਰੇਮੀ ਸਨ । ਅਲੱਾਹ ਤਆਲਾ ਇਹਨਾਂ ਦੋਹਾਂ ਸਵਰਗਵਾਸੀਆਂ ਦੀ ਬਖ਼ਸ਼ਿਸ਼ ਕਰੇ ਅਤੇ ਇਹਨਾਂ ਦੇ ਦਰਜਿਆਂ ਨੂੰ ਬਹੁਤ ਬੁਲੰਦ ਕਰੇ, ਆਮੀਨ ।

ਅਖੀਰ ਵਿੱਚ ਵਿਨਮ੍ਰ ਆਪਣੇ ਲਈ ਦੁਆ ਦੀ ਬਿਨਤੀ ਕਰਦਾ ਹੈ ਕਿ ਰੱਬ ਇਸ ਤੁੱਛ ਜਿਹੇ ਜਤਨ ਨੂੰ ਪ੍ਰਵਾਨ ਕਰੇ ਅਤੇ ਹੋਰ ਵਧੇਰੇ ਧਰਮ ਦੀ ਸੇਵਾ ਕਰਨ ਦਾ ਸੰਜੋਗ ਪ੍ਰਦਾਨ ਕਰੇ । ਆਮੀਨ ।

ਵਿਨਮ੍ਰ ਨਾਜ਼ਿਰ ਸਾਹਬ ਦਾਵਤ ਵ ਤਬਲੀਗ਼ ਕਾਦੀਆਂ ਦਾ ਵੀ ਧੰਨਵਾਦੀ ਹੈ ਕਿ ਉਹਨਾਂ ਨੇ ਇਸ ਦਾ ਮੁੱਖਬੰਦ ਲਿਖੱਕੇ ਇਸ ਪੁਸਤਕ ਦਾ ਨਾਂ ਵੀ ਸੁਝਾਅ ਦਿਤੱਾ ਅਤੇ ਪ੍ਰਕਾਸ਼ਤ ਕਰਨ ਦੀ ਆਗਿਆ ਵੀ ਪ੍ਰਦਾਨ ਕੀਤੀ ।

ਦੁਆ ਦਾ ਅਭਿਲਾਖੀ

ਬਸ਼ੀਰੁੱਦੀਨ ਅਲਾਹਦੀਨ

ਸੈਕ੍ਰੇਟਰੀ ਤਬਲੀਗ਼ ਵ ਤਰਬੀਯਤ ਜਮਾਤ ਅਹਮਦੀਆ ਸਿਕੰਦਰਾਬਾਦ

**30 ਨਵੰਬਰ 1988 ਈ.**

# ਮੁੱਖਬੰਦ

ਮੁਸਲਮਾਨਾਂ ਦਾ ਆਮ ਅਕੀਦਾ ਹੈ ਕਿ ਇਸ ਅੰਤਮ ਯੁੱਗ ਵਿੱਚ ਹਜ਼ਰਤ ਈਸਾ ਬਿਨ ਮਰਯੱਮ ਆਕਾਸ਼ ਤੋਂ ਆਪਣੇ ਭੌਤਕ ਸ਼ਰੀਰ ਨਾਲ ਉਤਰਨਗੇ ਅਤੇ ਉਮੱਤੇ ਮੁਹਮੱਦੀਆ (ਇਸਲਾਮ) ਵਿੱਚ ਇਮਾਮ ਮਹਦੀ ਅਲੈਹਿ ਸਲਾਮ ਪ੍ਰਕਟ ਹੋਣਗੇ ਅਤੇ ਦੋਵੇਂ ਮਿਲਕੇ ਇਸਲਾਮ ਧਰਮ ਦਾ ਪ੍ਰਚਾਰ ਕਰਨਗੇ । ਸੰਭਵਤਾ ਸਾਧਾਰਣ ਮੁਸਲਮਾਨ ਇਸ ਅੰਤਮ ਯੁੱਗ ਵਿੱਚ ਦੋ ਰੂਹਾਨੀ ਵਿਅਕਤੀਆਂ ਦੇ ਪ੍ਰਗਟ ਹੋਣ ਦੀ ਉਡੀਕ ਵਿੱਚ ਹਨ । ਪਰ ਕੁਰਆਨ ਕਰੀਮ ਅਤੇ 'ਸਹਾਹ ਸਿਤੱਾ' (ਹਦੀਸ ਦੀਆਂ ਪ੍ਰਮਾਣਕ ਛੇ ਕਿਤਾਬਾਂ) ਦੀਆਂ ਹਦੀਸਾਂ ਤੋਂ ਇਹ ਗੱਲ ਪ੍ਰਮਾਣਕ ਹੈ ਕਿ ਹਜ਼ਰਤ ਈਸਾ ਬਿਨ ਮਰਯੱਮ ਅਲੈਹਿ ਸਲਾਮ ਜੋ ਕਿ 'ਰਸੂਲੁਨ ਇਲਾ ਬਨੀ ਇਸਾਈਲ' (ਸੂਰਤ ਆਲਿ ਇਮਰਾਨ) (رَسُولًا إِلَىٰ بَنِي إِسْرَائِيلَ) ਸਨ ਉਹ ਲਗਭਗ ਦੋ ਹਜ਼ਾਰ ਸਾਲ ਪਹਿਲਾਂ ਹੋਰਨਾ ਨਬੀਆਂ ਵਾਂਗ ਵਫ਼ਾਤ ਪਾ ਚੁਕੇ ਹਨ । ਉਹ ਨ ਹੀ ਇਸ ਭੌਤਕ ਸ਼ਰੀਰ ਨਾਲ ਆਕਾਸ਼ ਉਪੱਰ ਗਏ ਅਤੇ ਨ ਹੀ ਓਥੇ ਜੀਉਂਦੇ ਹਨ ਅਤੇ ਨ ਹੀ ਉਹ ਇਸ ਭੌਤਕ ਸ਼ਰੀਰ ਨਾਲ ਇਸ ਯੁੱਗ ਵਿੱਚ ਦੁਨੀਆ ਵਿੱਚ ਪ੍ਰਕਟ ਹੋਣਗੇ । ਹਾਂ, ਕਿਉਂਕਿ ਨਬੀ ਕਰੀਮ ਦੀਆਂ ਹਦੀਸਾਂ ਤੋਂ ਇਹ ਪ੍ਰਮਾਣਤ ਹੈ ਕਿ ਧਰਮ ਦੇ ਪੁਨਰ ਉਥੱਾਨ ਲਈ ਅਤੇ ਉਮੱਤ (ਇਸਲਾਮ) ਦੇ ਸੁਧਾਰ ਲਈ 'ਉਮੱਤੇ ਮੁਹਮੱਦੀਆ' (ਇਸਲਾਮ) ਵਿੱਚ ਇਸਲਾਮ ਵਿੱਚੋਂ ਹੀ ਇਕ ਵਿਅਕਤੀ ਪ੍ਰਕਟ ਹੋਵੇਗਾ ਜਿਸਨੂੰ ਇਸਲਾਮੀ ਸ਼ਬਦਾਂ ਵਿੱਚ 'ਅਲ ਇਮਾਮੁਲ ਮਹਦੀ' ਕਿਹਾ ਜਾਂਦਾ ਹੈ ਅਤੇ ਅਧਿਆਤਮਕ ਪੱਖੋਂ ਉਹੋ ਹਜ਼ਰਤ ਮਸੀਹ ਇਬਨੇ ਮਰਯੱਮ ਦਾ ਸਮਰੂਪ (ਪ੍ਰਤੀਬਿੰਬ) ਹੋਵੇਗਾ । ਜਿਵੇਂ ਕਿ ਹਦੀਸਾਂ ਵਿੱਚ ਆਇਆ ਹੈ :

(ੳ) ਲਲ ਮਹਦੀਯੁ ਇਲੱਾ ਈਸਬੱਨਾ ਮਰਯੱਮਾ (لَاالْمَهْدِيُّ اِلَّا عِيْسَى ابْنِ مَرْيَمَ)
(ਇਬਨੇ ਮਾਜਾ ਕਿਾਤਬੁਲ ਫ਼ਿਤਨ ਬਾਬ ਸ਼ਿਦੱਤੁਜ਼ੱਮਾਂ)

(ਅ) ਯੂਸ਼ਿਕਾ ਮਨ ਆਸ਼ਾ ਮਿਨਕੁਮ ਅੰਯ ਯਲਕਾ ਈਸਬਨਾ ਮਰਯੱਮਾ ਇਮਾਮੰਮ ਮਹਦਿਯੰ ਹਕਮੰ ਵ ਅਦਲੰ

(يُوْشِكُ مَنْ عَشَ مِنْكُمْ اَنْ يَلقَى عِيْسَى ابْنَ مَرْيَمَ اِمَامًا مَهْدِيًّا حَكَمًا وَعَدْلًا)

(ਮਸਨਦ ਅਹਮਦ ਬਿਨ ਹੰਬਲ ਕਿਤਾਬ ਬਾਕੀ ਮਸਨਦੁਲ ਮੁਸ਼ਰਿਕੀਨ)

(ੲ) ਕੈਫ਼ਾ ਅਨਤੁਮ ਇਜ਼ਾ ਨਜ਼ਲਬਨੁ ਮਰੱਯਮਾ ਫ਼ੀਕੁਮ ਵ ਇਮਾਮੁਕੁਮ ਮਿਨਕੁਮ ।

(كَيْفَ أَنْتُمْ اِذَا نَزَلَ ابْنُ مَرْيَمَ فِيْكُمْ وَاِمَامُكُمْ مِنْكُمْ)

(ਹਵਾਲਾ ਸਹੀ ਅਲਬੁਖ਼ਾਰੀ ਕਿਤਾਬ ਅਹਾਦੀਸੁਲ ਅੰਬਿਆ ਬਾਬ ਨਜ਼ੂਲਿ ਈਸਾ ਬਿਨ ਮਰਯੱਮ)

ਅਰਥਾਤ ਈਸਾ ਬਿਨ ਮਰਯੱਮ ਹੀ ਇਮਾਮ ਮਹਦੀ ਹੋਣਗ ਅਤੇ 'ਹਕਮ' (ਆਦੇਸ਼ਕ) ਤੇ ਨਿਆਂਕਾਰ ਹੋਣਗੇ ਅਤੇ ਤੁਹਾਡਾ ਇਮਾਮ ਤੁਹਾਡੇ ਵਿੱਚੋਂ ਹੀ ਹੋਵੇਗਾ ਅਰਥਾਤ ਉਮੱਤੇ ਮੁਹਮੱਦੀਆ (ਇਸਲਾਮ) ਵਿੱਚੋਂ ਹੀ ਹੋਵੇਗਾ ।

ਇਹਨਾਂ ਉਪੱਰੋਕਤ ਹਦੀਸਾਂ ਤੋਂ ਪਤਾ ਲਗੱਦਾ ਹੈ ਕਿ ਆਉਣ ਵਾਲਾ ਮਊਦ ਇਕ ਹੀ ਵਿਅਕਤੀ ਹੈ ਅਤੇ ਉਹ ਇਮਾਮ ਮਹਦੀ ਹੈ ਅਤੇ ਈਸਾ ਬਿਨ ਮਰਯੱਮ ਦਾ ਸਮਰੂਪ (ਪ੍ਰਤੀਬਿੰਬ) ਹੈ ਕਿਉਂਕਿ ਜਿਵੇਂ ਕਿ ਵਰਣਨ ਕੀਤਾ ਜਾ ਚੁਕਿਆ ਹੈ ਕਿ ਈਸਾ ਬਿਨ ਮਰਯੱਮ ਬਨੀ ਇਸਰਾਈਲ ਦੇ ਰਸੂਲ ਸਨ ਉਹ ਮੌਤ ਨੂੰ ਪ੍ਰਾਪਤ ਹੋ ਚੁਕੇ ਹਨ । ਉਹਨਾਂ ਦਾ ਮੁੜ ਇਸ ਦੁਨੀਆਂ ਵਿੱਚ ਅਉਣ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ ।

(2) ਰੱਬ ਵੱਲੋਂ ਆਉਣ ਵਾਲੇ ਕਿਸੇ ਰਸੂਲ ਦੇ ਦਾਵੇ ਦੀ ਸਚੱਾਈ ਲਈ ਜਿੱਥੇ ਹੋਰ ਦਲੀਲਾਂ ਤੇ ਗਵਾਹੀਆਂ ਹੁੰਦੀਆਂ ਹਨ, ਓੱਥੇ ਇਹਨਾਂ ਵਿੱਚੋਂ ਇਕ ਦਲੀਲ ਇਹ ਵੀ ਹੈ ਕਿ ਉਹ ਆਪਣੇ ਦਾਵੇ ਪੂਰੇ ਵਿਸ਼ਵਾਸ ਤੇ ਵਸੂਕ (ਭਰੋਸੇ) ਨਾਲ ਰੱਬ ਨੂੰ ਗਵਾਹ ਬਣਾਉਂਦਿਆਂ ਹੋਇਆਂ ਪੇਸ਼ ਕਰਦਾ ਹੈ ਕਿਉਂਕਿ ਰੱਬ ਸੱਚੇ ਤੇ ਝੂਠੇ ਨੂੰ ਜਾਣਦਾ ਹੈ । ਝੂਠਾ ਤੇ ਝੂਠ ਘੜਨ ਵਾਲਾ ਕਦੇ ਵੀ ਰੱਬ ਦੀ ਸਹਾਇਤਾ ਪ੍ਰਾਪਤ ਨਹੀਂ ਕਰ ਸਕਦਾ । ਇਲਾਹੀ ਫ਼ਰਮਾਨ 'ਕਦ ਖ਼ਾਬਾ ਮਨਿਫ਼ਤਰਾ' (قَدْ خَابَ مَنِ افْتَرٰى) (ਸੂਰਤ ਤਾਹਾ 62) ਅਨੁਸਾਰ ਰੱਬ ਦੇ ਸਮਰਥਨ ਤੇ ਸਹਾਇਤਾ ਤੋਂ ਵਾਂਝਿਆਂ ਹੀ ਨਹੀਂ ਰਹਿੰਦਾ ਸਗੋਂ ਅਸਫ਼ਲ ਤੇ

ਨਾਮੁਰਾਦ ਰਹਿੰਦਾ ਹੈ ਅਤੇ ਰੱਬ ਦੇ ਕਹਿਰ ਦਾ ਕੁਰਆਨ ਕਰੀਮ ਦੀ ਇਸ ਆਇਤ

وَلَوْ تَقَوَّلَ عَلَيْنَا بَعْضَ الْأَقَاوِيلِ 0 لَأَخَذْنَا مِنْهُ بِالْيَمِينِ 0 ثُمَّ لَقَطَعْنَا مِنْهُ الْوَتِينَ )

(الحاقة ـ 45-47))

'ਵਲੌ ਤਕਵੱਾਲਾ ਅਲੈਨਾ ਬਾਜ਼ਲ ਅਕਾਵੀਲ 0 ਲਾ ਅਖ਼ਜ਼ਨਾ ਮਿਨਹੁ ਬਿਲ ਯਮੀਨ 0 ਸੁਮੱਾ ਲ–ਕਤਾਨਾ ਮਿਨਹੁਲ ਵਤੀਨ 0

(ਸੂਰਤੁਲ ਹਾਕਾਹ ਆਇਤ 45 ਤੋਂ 47) ਅਨੁਸਾਰ ਦੰਡ ਦਾ ਭਾਗੀ ਬਣਦਾ ਹੈ ।

(3) ਨਬੀ ਕਰੀਮ ਦੀ ਹਦੀਸ ਵਿੱਚ ਆਉਂਦਾ ਹੈ ਕਿ ਇਕ ਵਾਰ ਇਕ ਵਿਅਕਤੀ ਮਦੀਨੇ ਵਿੱਚ ਆਇਆ ਅਤੇ ਉਸ ਨੇ ਸਤਿਕਾਰਯੋਗ ਸਹਾਬਾ ਦੀ ਹਾਜ਼ਰੀ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਅਰਜ਼ ਕੀਤਾ ਕਿ ਆਪ ਆਪਣੇ ਰਸੂਲ ਹੋਣ ਦੇ ਦਾਵੇ ਨੂੰ ਰੱਬ ਦੀ ਸਹੁੰ ਖਾਕੇ ਵਰਨਣ ਕਰਨ ਅਤੇ ਜੱਦ ਆਪ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਰਸੂਲ ਹੋਣ ਦੇ ਦਾਵੇ ਨੂੰ ਸਹੁੰ ਖਾਕੇ ਵਰਨਣ ਕੀਤਾ ਤਾਂ ਉਸੇ 'ਤੇ ਉਹ ਈਮਾਨ ਲੈ ਆਇਆ । ਇਉਂ ਬੁਖ਼ਾਰੀ ਸ਼ਰੀਫ਼ ਦੀ ਇਹ ਹਦੀਸ ਅਨੁਵਾਦ ਸਹਿਤ ਹੇਠਾਂ ਦਰਜ ਕੀਤੀ ਜਾਂਦੀ ਹੈ ।

( عَنْ أَنَسَ بْنَ مَالِكٍ يَقُولُ بَيْنَمَا نَحْنُ جُلُوسٌ مَعَ النَّبِيِّ صَلَّى اللَّهُ عَلَيْهِ وَسَلَّمَ فِي الْمَسْجِدِ دَخَلَ رَجُلٌ عَلَى جَمَلٍ فَأَنَاخَهُ فِي الْمَسْجِدِ ثُمَّ عَقَلَهُ ثُمَّ قَالَ لَهُمْ أَيُّكُمْ مُحَمَّدٌ وَالنَّبِيُّ صَلَّى اللَّهُ عَلَيْهِ وَسَلَّمَ مُتَّكِئٌ بَيْنَ ظَهْرَانَيْهِمْ فَقُلْنَا هَذَا الرَّجُلُ الْأَبْيَضُ الْمُتَّكِئُ فَقَالَ لَهُ الرَّجُلُ يَا ابْنَ عَبْدِ الْمُطَّلِبِ فَقَالَ لَهُ النَّبِيُّ صَلَّى اللَّهُ عَلَيْهِ وَسَلَّمَ قَدْ أَجَبْتُكَ فَقَالَ الرَّجُلُ لِلنَّبِيِّ صَلَّى اللَّهُ عَلَيْهِ وَسَلَّمَ إِنِّي سَائِلُكَ فَمُشَدِّدٌ عَلَيْكَ فِي الْمَسْأَلَةِ فَلَا تَجِدْ عَلَيَّ فِي نَفْسِكَ فَقَالَ سَلْ عَمَّا بَدَا لَكَ فَقَالَ أَسْأَلُكَ بِرَبِّكَ وَرَبِّ مَنْ قَبْلَكَ أَاللَّهُ أَرْسَلَكَ إِلَى النَّاسِ كُلِّهِمْ فَقَالَ اللَّهُمَّ نَعَمْ قَالَ أَنْشُدُكَ بِاللَّهِ أَاللَّهُ أَمَرَكَ

أَنْ نُصَلِّيَ الصَّلَوَاتِ الْخَمْسَ فِي الْيَوْمِ وَاللَّيْلَةِ قَالَ اللَّهُمَّ نَعَمْ قَالَ أَنْشُدُكَ بِاللَّهِ أَاللَّهُ أَمَرَكَ أَنْ نَصُومَ هَذَا الشَّهْرَ مِنَ السَّنَةِ قَالَ اللَّهُمَّ نَعَمْ قَالَ أَنْشُدُكَ بِاللَّهِ أَاللَّهُ أَمَرَكَ أَنْ تَأْخُذَ هَذِهِ الصَّدَقَةَ مِنْ أَغْنِيَائِنَا فَتَقْسِمَهَا عَلَى فُقَرَائِنَا فَقَالَ النَّبِيُّ صَلَّى اللَّهُ عَلَيْهِ وَسَلَّمَ اللَّهُمَّ نَعَمْ فَقَالَ الرَّجُلُ آمَنْتُ بِمَا جِئْتَ بِهِ وَأَنَا رَسُولُ مَنْ وَرَائِي مِنْ قَوْمِي وَأَنَا ضِمَامُ بْنُ ثَعْلَبَةَ أَخُو بَنِي سَعْدِ بْنِ بَكْرٍ

((صحیح البخاری، کتاب العلم باب ما جاء فی العلم وقولہ تعالیٰ وقل ربّ زدنی علماً القراء)

(ਸਹੀ ਬੁਖ਼ਾਰੀ ਕਿਤਾਬੁਲ ਇਲਮ ਬਾਬ ਮਾ ਜਾਆ ਫ਼ਿਲ ਇਲਮ ਵ ਕੌਲੁਹੂ ਤਆਲਾ ਵਕੁਲ ਰੱਬਿ ਜ਼ਿਦਨੀ ਇਲਮਾ)

"ਅਨਸ ਬਿਨ ਮਾਲਕ ਤੋਂ ਸੁਣਿਆ ਉਹ ਕਹਿੰਦੇ ਸਨ ਕਿ ਅਸੀਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਮਸਜਿਦ ਵਿੱਚ ਬੈਠੇ ਹੋਏ ਸਨ ਕਿ ਇਕ ਵਿਅਕਤੀ ਊਠ ਉਪੱਰ ਸਵਾਰ ਹੋਕੇ ਆਇਆ ਅਤੇ ਉਸ (ਊਠ) ਨੂੰ ਮਸਜਿਦ ਦੇ ਅਹਾਤੇ ਵਿੱਚ ਬਿਠਾ ਦਿਤੱਾ ਫਿਰ ਉਸ ਨੂੰ ਰੱਸੀ ਨਾਲ ਬੰਨ੍ਹ ਦਿਤੱਾ। ਇਸ ਦੇ ਬਾਦ ਪੁਛੱਣ ਲਗੱਾ ਕਿ ਤੁਹਾਡੇ ਵਿੱਚੋਂ ਮੁਹਮੱਦ ਕੌਣ ਹੈ ? ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਸਹਾਬਾ ਕਰਾਮ ਵਿੱਚਕਾਰ ਸਰਾਹਣਾ ਲਾਈ ਬੈਠੇ ਸਨ, ਇਸ'ਤੇ ਅਸੀਂ ਕਿਹਾ ਇਹ ਸਾਹਬ ਜੋ ਚਿੱਟੇ ਰੰਗ ਦਾ ਸਰਾਹਣਾ ਲਈ ਬੈਠੇ ਹਨ ਤਾਂ ਉਸ ਵਿਅਕਤੀ ਨੇ ਕਿਹਾ ਹੇ, ਅਬਦੁਲ ਮੁਤਲਿਬ ਦੇ ਪੁਤੱਰ ! ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, (ਹਾਂ ਕਹੋ) ਮੈਂ ਉਤੱਰ ਦਿਆਂਗਾ, ਇਸ'ਤੇ ਉਸ ਨੇ ਕਿਹਾ ਕਿ ਮੈਂ ਆਪ ਤੋਂ ਕੁਝ ਪੁਛੱਣ ਵਾਲਾ ਹਾਂ ਅਤੇ ਆਪਣੇ ਪੁਛੱਣ ਵਿੱਚ ਕੁਝ ਸਖ਼ਤੀ ਨਾਲ ਕੰਮ ਲਿਆਂਗਾ, ਤਾਂ ਆਪ ਮੇਰੇ ਉਪੱਰ ਨਰਾਜ਼ ਨਹੀਂ ਹੋਣਾ । ਆਪ ਨੇ ਫ਼ਰਮਾਇਆ, ਪੁੱਛੋ ਜੋ ਤੁਹਾਡੀ ਸਮਝ ਵਿੱਚ ਆਏ, ਉਹ ਬੋਲਿਆ ਕਿ ਮੈਂ ਆਪ ਨੂੰ ਆਪਣੇ ਰੱਬ ਦੀ ਅਤੇ ਆਪ ਤੋਂ ਪਹਿਲਾਂ ਲੋਕਾਂ ਦੇ ਰੱਬ ਦੀ ਸਹੁੰ ਦਿੰਦਾ ਹਾਂ (ਸੱਚ ਦੱਸੀਏ) ਕਿ ਕੀ ਰੱਬ ਨੇ ਆਪ ਨੂੰ ਸਾਰਿਆਂ ਲੋਕਾਂ ਵੱਲ ਆਪਣਾ ਸੰਦੇਸ਼ ਪਹੁੰਚਾਉਣ ਲਈ ਭੇਜਿਆ ਹੈ ?

ਆਪ ਨੇ ਫ਼ਰਮਾਇਆ ਰੱਬ ਜਾਣਦਾ ਹੈ ਕਿ ਹਾਂ, (ਇਹੀ ਗੱਲ ਹੈ) ਫਿਰ ਉਸ ਨੇ ਕਿਹਾ ਮੈਂ ਆਪ ਨੂੰ ਰੱਬ ਦੀ ਸਹੁੰ ਦਿੰਦਾ ਹਾਂ, (ਦੱਸੋ) ਕਿ ਕੀ ਰੱਬ ਨੇ ਆਪ ਨੂੰ ਦਿਨ ਰਾਤ ਵਿੱਚ ਪੰਜ ਨਮਾਜ਼ਾਂ ਪੜ੍ਹਨ ਦਾ ਹੁਕੁਮ (ਆਦੇਸ਼) ਦਿਤੱਾ ਹੈ ? ਆਪ ਨੇ ਫ਼ਰਮਾਇਆ ਰੱਬ ਜਾਣਦਾ ਹੈ ਕਿ ਹਾਂ (ਇਹੋ ਗੱਲ ਹੈ) ਫਿਰ ਉਹ ਬੋਲਿਆ ਮੈਂ ਆਪ ਨੂੰ ਰੱਬ ਦੀ ਸਹੁੰ ਦਿੰਦਾ ਹਾਂ (ਦੱਸੋ) ਕਿ ਰੱਬ ਨੇ ਆਪ ਨੂੰ ਸਾਲ ਵਿੱਚ ਇਸ (ਰਮਜ਼ਾਨ) ਦੇ ਮਹੀਨੇ ਦੇ ਰੋਜ਼ੇ (ਵਰਤ) ਰਖੱਣ ਦਾ ਹੁਕੁਮ ਦਿਤੱਾ ਹੈ ? ਆਪ ਨੇ ਫ਼ਰਮਾਇਆ ਕਿ ਰੱਬ ਜਾਣਦਾ ਹੈ ਕਿ ਹਾਂ (ਇਹੋ ਗੱਲ ਹੈ) ਫ਼ਿਰ ਉਹ ਬੋਲਿਆ ਮੈਂ ਆਪ ਨੂੰ ਰੱਬ ਦੀ ਸਹੁੰ ਦਿੰਦਾ ਹਾਂ, ਕੀ ਰੱਬ ਨੇ ਆਪ ਨੂੰ ਆਦੇਸ਼ ਦਿੱਤਾ ਹੈ ਕਿ ਸਾਡੇ ਮਾਲਦਾਰਾਂ ਤੋਂ ਸਦਕਾ (ਦਾਨ) ਲੈਕੇ ਸਾਡੇ ਗ਼ਰੀਬਾਂ ਵਿੱਚ ਵੰਡ ਦਿਓ ? ਆਪ ਨੇ ਫ਼ਰਮਾਇਆ ਰੱਬ ਜਾਣਦਾ ਹੈ ਕਿ ਹਾਂ (ਇਹੋ ਗੱਲ ਹੈ) ਇਸ'ਤੇ ਉਸ ਵਿਅਕਤੀ ਨੇ ਕਿਹਾ ਜੋ ਕੁਝ ਆਪ (ਰੱਬ ਵੱਲੋਂ ਆਦੇਸ਼) ਲੈਕੇ ਆਏ ਹਨ, ਮੈਂ ਉਹਨਾਂ'ਤੇ ਇਮਾਨ ਲਿਆਇਆ ਅਤੇ ਮੈਂ ਆਪਣੀ ਕੌਮ ਦਾ ਜੋ ਪਿੱਛੇ ਰਹਿ ਗਈ ਹੈ ਦੂਤ (ਸੰਦੇਸ਼ਵਾਹਕ) ਹਾਂ । ਮੈਂ ਜ਼ਮਾਮ ਹਾਂ ਸਾਲਬਾ ਦਾ ਲੜਕਾ ਬਨੀ ਸਾਅਦ ਬਿਨ ਬਕਰ ਦੇ ਭਰਾਵਾਂ ਵਿੱਚੋਂ। (ਪੰਨਾ 29,7,13,1321,63, 62 ਬ ਖ਼) ਦੂਜੇ ਪਾਸੇ ਹਦੀਸ ਵਿੱਚ ਇਹ ਵਾਦਾ ਵੀ ਆਇਆ ਹੈ ਕਿ :

(اَلْیَمِیْنُ الْفَاجِرَۃُ تَدَعُ الدِّیَارَ بِعلَاقِعَ (مسند الشھاب باب الیمین)

'ਅਲ-ਯਮੀਨੁਲ ਫ਼ਾਜਿਰਾਤੁ ਤਦਾਉਦੱਯਾਰਾ ਬਿਅਲਾਕਿਆ'

(ਮਸਨਦ ਅਸ਼ੱਹਾਬ ਬਾਬੁਲ ਯਮੀਨ) ਕਿ ਝੂਠੀ ਸਹੁੰ ਖੇਤਰਾਂ ਨੂੰ ਤਬਾਹ ਤੇ ਬਰਬਾਦ ਕਰ ਦਿੰਦੀ ਹੈ ਅਰਥਾਤ ਝੂਠੀ ਸਹੁੰ ਖਾਣ ਵਾਲਾ ਨ ਕੇਵਲ ਰੱਬ ਦੀ ਬਰਕਤ ਤੋਂ ਵਾਂਝਿਆਂ ਰਹਿੰਦਾ ਹੈ ਸਗੋਂ ਉਸ ਦੇ ਦੰਡ ਦਾ ਪਾਤਰ ਬਣਦਾ ਹੈ ।

(4) ਚੌਦਵੀਂ ਸਦੀ ਹਿਜਰੀ ਵਿੱਚ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਬਾਨੀ ਜਮਾਤ ਅਹਮਦੀਆ ਨੇ ਦਾਵਾ ਕੀਤਾ ਕਿ:

(ੳ) "ਮੈਨੂੰ ਰੱਬ ਦੀ ਪਵਿਤੱਰ ਤੇ ਪਾਕ ਵਹੀ (ਈਸ਼ਵਾਣੀ) ਰਾਹੀਂ ਸੂਚਨਾ ਦਿੱਤੀ ਗਈ ਹੈ ਕਿ ਮੈਂ ਉਸ ਵੱਲੋਂ ਮਸੀਹ ਮੌਊਦ ਅਤੇ ਮਹਦੀ ਮਾਹੂਦ ਹਾਂ ਅਤੇ ਅੰਦਰੂਨੀ ਤੇ ਬਾਹਰੀ ਮਤਿਭੇਦਾਂ ਦਾ 'ਹਕਮ' (ਆਦੇਸ਼ਕ ਤੇ ਨਿਆਂਕਾਰ) ਹਾਂ । ਇਹ ਜੋ ਮੇਰਾ ਨਾਂ ਮਸੀਹ ਮੌਊਦ ਅਤੇ ਮਹਦੀ ਮਾਹੂਦ ਰੱਖਿਆ ਗਿਆ ਹੈ ਇਹਨਾਂ ਦੋਹਾਂ ਨਾਵਾਂ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਮੈਨੂੰ ਸਨਮਾਨਤ ਕੀਤਾ ਹੈ ਅਤੇ ਫਿਰ ਰੱਬ ਨੇ ਮੈਨੂੰ ਆਪਣੇ ਕਲਾਮ ਰਾਹੀਂ ਵੀ ਮੇਰਾ ਨਾਂ ਰੱਖਿਆ ਹੈ ਅਤੇ ਫਿਰ ਸਮੇਂ ਦੀ ਵਰਤਮਾਨ ਸਿਥਿਤੀ ਨੇ ਵੀ ਇਹੋ ਤਕਾਦਾ ਕੀਤਾ ਕਿ ਮੇਰਾ ਨਾਂ ਇਹੋ ਹੋਵੇ । ਭਾਵ ਮੇਰਾ ਨਾਂ'ਤੇ ਇਹ ਤਿੰਨ ਗਵਾਹ ਹਨ । ਮੇਰਾ ਰੱਬ ਜੋ ਅਕਾਸ਼ਾਂ ਤੇ ਧਰਤੀ ਦਾ ਮਾਲਕ ਹੈ ਮੈਂ ਉਸ ਨੂੰ ਗਵਾਹ ਰਖੱਕੇ ਕਹਿੰਦਾ ਹਾਂ ਕਿ ਮੈਂ ਉਸ ਵੱਲੋਂ ਆਇਆ ਹਾਂ ਅਤੇ ਉਹ ਆਪਣੀਆਂ ਨਿਸ਼ਾਨੀਆਂ ਨਾਲ ਮੇਰੀ ਗਵਾਹੀ ਦਿੰਦਾ ਹੈ ।"

(ਰੂਹਾਨੀ ਖ਼ਜ਼ਾਇਨ, ਜਿਲਦ 17, ਪੰਨਾ 345, ਅਰਬਾਈਨ ਨੰਬਰ ਅਵੱਲ ਪੰਨਾ 3)

(ਅ) ਬ੍ਰੇਲੀ ਦੇ ਇਕ ਵਿਅਕਤੀ ਨੇ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਬਾਨੀ ਜਮਾਤ ਅਹਮਦੀਆ ਦੀ ਸੇਵਾ ਵਿੱਚ ਲਿੱਖਿਆ ਕਿ, ਕੀ ਆਪ ਉਹੋ ਮਸੀਹ ਮੌਊਦ ਹਨ ਜਿਸ ਬਾਰੇ ਰਸੂਲੇ ਖ਼ੁਦਾ ਸਲਲੱਾਹੁ ਅਲੈਹਿ ਵਸਲਮ ਨੇ ਹਦੀਸ ਵਿੱਚ ਖ਼ਬਰ ਦਿੱਤੀ ਹੈ, ਅਤੇ ਰੱਬ ਦੀ ਸਹੁੰ ਖਾਕੇ ਇਸਦਾ ਉਤੱਰ ਲਿਖੱਣ । ਇਸ'ਤੇ ਹਜ਼ੂਰ ਅਲੈਹਿ ਸਲਾਮ ਨੇ ਉਸ ਨੂੰ ਸਹੁੰ ਖਾਕੇ ਲਿੱਖਿਆ ਕਿ :

"ਮੈਂ ਪਹਿਲਾਂ ਵੀ ਇਸ ਇਕਰਾਰ ਨੂੰ ਵਿਸਥਾਰ ਨਾਲ ਆਪਣੀਆਂ ਕਿਤਾਬਾਂ ਵਿੱਚ 'ਸਹੁੰ' ਨਾਲ ਲੋਕਾਂ'ਤੇ ਪ੍ਰਕਟ ਕਰ ਚੁੱਕਿਆ ਹਾਂ । ਅਤੇ ਹੁਣ ਵੀ ਇਸ ਪਤੱਰ ਵਿੱਚ ਰੱਬ ਦੀ ਸਹੁੰ ਖਾਕੇ ਲਿਖੱਦਾ ਹਾਂ । ਜਿਸ ਦੇ ਕਬਜ਼ੇ ਵਿੱਚ ਮੇਰੀ ਜਾਨ ਹੈ ਕਿ ਮੈਂ ਉਹੋ ਮਸੀਹ ਮੌਊਦ ਹਾਂ, ਜਿਸ ਦੀ ਖ਼ਬਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਹਨਾਂ ਹਦੀਸਾਂ ਵਿੱਚ ਦਿੱਤੀ ਹੈ, ਜੋ ਸਹੀ

ਬੁਖ਼ਾਰੀ ਅਤੇ ਸਹੀ ਮੁਸਲਿਮ ਅਤੇ ਹੋਰਨਾ 'ਸਹਾ ਸਿਤੱਾ' ਵਿੱਚ ਦਰਜ ਹਨ । (ਵ-ਕਫ਼ਾ ਬਿਲੱਾਹਿ ਸ਼ਹੀਦਾ) ।"

(ਲੇਖਕ, ਮਿਰਜ਼ਾ ਗ਼ੁਲਾਮ ਅਹਮਦ ਅਫ਼ਾਉਲੱਾਹ ਅਨਹੁ ਵ ਅਯੱਦਾਹੂ 17 ਅਗਸਤ 1899 ਈ.)
(ਰੂਹਾਨੀ ਖ਼ਜ਼ਾਇਨ ਜਿਲਦ 3, ਮਲਫ਼ੂਜ਼ਾਤ ਜਿਲਦ ਅਵੱਲ ਪੰਨਾ 326-327)

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਸਾਹਬ ਕਾਦੀਆਨੀ ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ ਨੇ ਆਪਣੇ ਦਾਵਿਆਂ ਬਾਰੇ ਆਪਣੀਆਂ ਵੱਖ ਵੱਖ ਕਿਤਾਬਾਂ ਤੇ ਰਚਨਾਵਾਂ ਵਿੱਚ ਜੋ ਰੱਬ ਦੀਆਂ ਸਹੁੰਆਂ ਖਾਧੀਆਂ ਹਨ ਉਹਨਾਂ ਨੂੰ ਸਾਡੇ ਮਾਨਯੋਗ ਮਿਤੱਰ ਬਸ਼ੀਰੁੱਦੀਨ ਅਲਾਹਦੀਨ ਸਾਹਬ ਸੈਕ੍ਰੇਟਰੀ ਤਬਲੀਗ਼ ਅਹਮਦੀਆ ਮੁਸਲਿਮ ਜਮਾਤ ਸਿਕੰਦਰਾਬਾਦ ਨੇ ਇਸ ਕਿਤਾਬ ਵਿੱਚ ਇਕਤੱਰ ਕੀਤੀਆਂ ਹਨ । ਇਸ ਸੋਚ ਤੇ ਨਜ਼ਰੀਏ ਹੇਠ ਕਿ ਨੇਕ ਸੁਭਾਵ ਰਖੱਣ ਵਾਲੇ ਲੋਕ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਸਾਹਬ ਦੇ ਦਾਵਿਆਂ ਉਪੱਰ ਗੰਭੀਰਤਾ ਨਾਲ ਗ਼ੌਰ ਕਰਨ ਅਤੇ ਦੂਜੇ ਪਾਸੇ ਉਹਨਾਂ ਦੇ ਸਮਰਥਨ ਤੇ ਸਹਾਇਤਾ ਵਿੱਚ ਉਹਨਾਂ ਦੀ ਜਮਾਤ ਦੀ ਸਫ਼ਲਤਾ ਤੇ ਜਿੱਤ ਵਿੱਚ ਇਲਾਹੀ ਵਰਤਾਉ ਦਾ ਲੋਕ ਅਵਲੋਕਣ ਕਰਨ ਤਾਂ ਜੋ ਆਪ ਦੇ ਮਸੀਹ ਤੇ ਮਹਦੀ ਹੋਣ ਦੇ ਦਾਵੇ ਨੂੰ ਪਰਵਾਨ ਕਰਨ ਦਾ ਸੰਜੋਗ ਪ੍ਰਾਪਤ ਹੋਵੇ ਅਤੇ ਧਰਮ ਦੀ ਸੇਵਾ ਅਤੇ ਇਸਲਾਮ ਦੇ ਪ੍ਰਚਾਰ ਤੇ ਪ੍ਰਸਾਰ ਦਾ ਸੁਅਵਸਰ ਪ੍ਰਾਪਤ ਹੋਵੇ । ਰੱਬ ਉਹਨਾਂ ਨੂੰ ਚੰਗਾ ਪ੍ਰਤੀਫ਼ਲ ਪ੍ਰਦਾਨ ਕਰੇ । ਦੁਆ ਹੈ ਕਿ ਅਲੱਾਹ ਤਆਲਾ ਸ਼੍ਰੀਮਾਨ ਬਸ਼ੀਰੁੱਦੀਨ ਅਲਾਹਦੀਨ ਸਾਹਬ ਦੇ ਇਹਨਾਂ ਜਤਨਾ ਨੂੰ ਪਰਵਾਨ ਕਰੇ ਅਤੇ ਇਸ ਨੇਕ ਕੰਮ ਦੇ ਸੋਹਣੇ ਤੇ ਮਨਮੋਹਕ ਸਿੱਟੇ ਪ੍ਰਕਟ ਹੋਣ ।

ਸ਼ਰੀਫ਼ ਅਹਮਦ ਅਮੀਨੀ
ਐਡੀਸ਼ਨਲ ਨਾਜ਼ਿਰ ਦਾਵਤ ਵ ਤਬਲੀਗ਼
ਕਾਦੀਆਂ

بِسۡمِ اللّٰہِ الرَّحۡمٰنِ الرَّحِیۡم

نَحۡمَدُہٗ وَنُصَلِّیۡ عَلٰی رَسُوۡلِہِ الۡکَرِیۡم وَعَلٰی عَبۡدِہِ الۡمَسِیۡحِ الۡمَوۡعُوۡد

ਬਿਸਮਿਲੱਾਹਿਰ ਰਹਮਾਨਿਰ ਰਹੀਮ

ਨਹਮੁਦੁਹੂ ਵ ਨੁਸੱਲੀ ਅਲਾ ਰਸੂਲਿਹਿਲ ਕਰੀਮ

ਵ ਅਲਾ ਅਬਦਿਹਿਲ ਮਸੀਹਿਲ ਮੌਊਦ

لا الٰہ الا اللہ محمد رسول اللہ

ਲਾ ਇਲਾਹਾ ਇਲੱਲੱਾਹੁ ਮੁਹਮੱਦੁਰ ਰਸੂਲੁਲੱਾਹਿ

آزمائش کے لئے کوئی نہ آیا ہر چند

ہر مخالف کو مقابل پر بلایا ہم نے

(درثمین)

ਆਜ਼ਮਾਇਸ਼ ਕੇ ਲੀਏ ਕੋਈ ਨ ਆਇਆ ਹਰ ਚੰਦ

ਹਰ ਮੁਖ਼ਾਲਿਫ਼ ਕੋ ਮੁਕਾਬਿਲ ਪਰ ਬੁਲਾਇਆ ਹਮਨੇ

(ਦੁੱਰੇ ਸਮੀਨ)

## ਹਜ਼ਰਤ ਇਮਾਮ ਜਮਾਤ ਅਹਮਦੀਆ ਵੱਲੋਂ ਸਾਰੇ ਓਲਮਾਵਾਂ (ਧਾਰਕਮਕ ਵਿਦਵਾਨਾ) ਨੂੰ ਸਹੁੰ ਚੁਕੱਣ ਦਾ

# ਚੈਲੰਜ

ਮੌਲਵੀਆਂ ਨੇ ਜਮਾਤ ਅਮਹਦੀਆ ਬਾਰੇ ਜੋ ਵੱਖ ਵੱਖ ਅਣਉਚਿਤ ਤੇ ਅਵਾਸਤਵਿਕ ਅਕੀਦਿਆਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਮੁਸਲਮਾਨਾਂ ਵਿੱਚ ਜੋ ਕੁਧਾਰਣਾਵਾਂ ਪੈਦਾ ਕਰਨ ਦੇ ਜਤਨ ਕੀਤੇ ਹਨ । ਉਸ ਦੇ ਇਕ ਪੱਕੇ ਹੱਲ ਲਈ ਹਜ਼ਰਤ ਇਮਾਮ ਜਮਾਤ ਅਹਮਦੀਆ ਨੇ 6 ਮਾਰਚ 1987 ਈ. ਦੇ ਜੁਮਏ ਦੇ ਖੁਤਬੇ ਵਿੱਚ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਮਾਤ ਅਹਮਦੀਆ ਨੂੰ ਕੀ ਨਸੀਹਤ ਕੀਤੀ ਅਤੇ ਆਪ ਦਾ ਕੀ ਧਰਮ ਸੀ ਅਤੇ ਕੀ ਕਲਮਾ ਸੀ ਇਹ ਆਪ ਲੋਕ ਆਪ ਅਲੈਹਿ ਸਲਾਮ ਦੇ ਆਪਣੇ ਸ਼ਬਦਾ ਵਿੱਚ ਸੁਣੋ :

"ਅਸੀਂ ਮੁਸਲਮਾਨ ਹਨ ਅਤੇ ਇੱਕੋ ਇਕ ਰੱਬ ਉਪੱਰ ਇਮਾਨ ਲਿਆਂਉਂਦੇ ਹਾਂ ਜਿਸਦਾ ਕੋਈ ਭਾਗੀਦਾਰ ਨਹੀਂ ।"

ਹਾਂ, ਉਹਨਾਂ ਨੇ ਇਸ ਕਿਤਾਬ'ਚੋਂ ਇਕ ਹੋਰ ਸਿਟਾ ਇਹ ਕੱਢਿਆ ਹੈ ਕਿ ਉਹਨਾ ਅਨੁਸਾਰ ਸ਼ਰੀਅਤ ਰੱਦ ਹੋ ਗਈ ਅਤੇ ਹੁਣ ਮਿਰਜ਼ਾ ਗ਼ੁਲਾਮ ਅਹਮਦ ਦਾ ਕਲਾਮ ਹੀ ਉਹਨਾਂ ਦੀ ਸ਼ਰੀਅਤ ਹੈ । ਹੈਰਾਨੀ ਦੀ ਗੱਲ ਹੈ ਉਹਨਾ ਦੇ ਫਿਤਨੇ ਪਾਉਣ'ਤੇ, ਰੱਬ ਦਾ ਰਤਾ ਵੀ ਡਰ ਨਹੀਂ ਰਖੱਦੇ ਕਿਵੇਂ ਕਿਵੇਂ ਵੱਡੇ ਵੱਡੇ ਝੂਠ ਬੋਲਦੇ ਹਨ ਅਤੇ ਕਿੰਨ੍ਹੀ ਨਿਡਰਤਾ ਨਾਲ ਬੋਲਦੇ ਹਨ । ਪਰ ਜੇਕਰ ਉਹਨਾਂ ਦੀ ਇਹੋ ਗੱਲ ਸੱਚੀ ਹੈ ਤਾਂ ਫਿਰ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਨੇ ਜੋ ਸ਼ਰੀਅਤ ਸਾਨੂੰ ਦੱਸੀ ਹੈ ਉਹ ਸੁਣ ਲਓ, ਫਿਰ ਇਸ ਨੂੰ ਵੀ ਮੰਨ੍ਹੋ, ਕਿਸੇ ਥਾਂ ਠਹਿਰੋ ਤਾਂ ਸਹੀ । ਜੇਕਰ ਸਾਡੇ ਨਾਲ ਉਹੋ ਵਰਤਾਉ ਕਰਨਾ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਸਿੱਖਿਆ ਦਿੱਤੀ ਹੈ ਅਤੇ ਉਸ ਨੂੰ ਇਹ ਲੋਕ ਸਾਡੀ ਸ਼ਰੀਅਤ ਮੰਨ੍ਹਣ ਲਈ ਤਿਆਰ ਹਨ ਤਾਂ ਫਿਰ ਉਹ ਸ਼ਰੀਅਤ ਸੁਣ ਲਓ, ਉਹ ਕੀ ਹੈ, ਉਹਨ ਸ਼ਰੀਅਤ ਇਹ ਹੈ :

"ਅਸੀਂ ਮੁਸਲਮਾਨ ਹਨ, ਇਕੋ ਇਕ ਰੱਬ'ਤੇ ਇਮਾਨ ਲਿਆਉਂਦੇ ਹਾਂ, ਜਿਸ ਦਾ ਕੋਈ ਭਾਗੀਦਾਰ ਨਹੀਂ, ਅਤੇ ਕਲਮਾ لا الٰہ الا اللہ محمد رسول اللہ 'ਲਾ ਇਲਾਹਾ ਇਲੱਲੱਾਹੁ ਮੁਹਮੱਦੁਰ ਰਸੂਲੁਲੱਾਹਿ' ਦੇ ਇਕਰਾਰੀ ਹਨ ਅਤੇ ਰੱਬ ਦੀ ਕਿਤਾਬ ਅਤੇ ਉਸ ਦੇ ਰਸੂਲ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮਨ ਨਬੀੱਯੀਨ ਮੰਨ੍ਹਦੇ ਹਾਂ ਅਤੇ ਫ਼ਰਿਸ਼ਤਿਆਂ ਤੇ ਦੁਬਾਰਾ ਜੀਉਂਦੇ ਕੀਤੇ ਜਾਣ ਅਤੇ ਸਵਰਗ ਤੇ ਨਰਕ ਉਪੱਰ ਇਮਾਨ ਰਖੱਦੇ ਹਾਂ । ਨਮਾਜ਼ਾਂ ਪੜ੍ਹਦੇ ਹਾਂ, ਰੋਜ਼ੇ ਰਖੱਦੇ ਹਾਂ । ਕਿਬਲੇ ਵੱਲ ਮੂੰਹ ਕਰਦੇ ਹਾਂ ਅਤੇ ਜੋ ਕੁਝ ਰੱਬ ਅਤੇ ਉਸ ਦੇ ਰਸੂਲ

ਸਲਲੱਾਹੁ ਅਲੈਹਿ ਵਸਲੱਮ ਨੇ ਹਰਾਮ ਕੀਤਾ ਹੈ ਉਸ ਨੂੰ ਹਰਾਮ ਸਮਝਦੇ ਹਾਂ ਅਤੇ ਜੋ ਕੁਝ ਹਲਾਲ ਕੀਤਾ ਹੈ ਉਸਦੇ ਹਲਾਲ ਦੇ ਇਕਰਾਰੀ ਹਾਂ । ਅਸੀਂ ਸ਼ਰੀਅਤ ਵਿੱਚ ਕੁਝ ਵੀ ਵਧਾਉਂਦੇ ਜਾਂ ਘਟਾਉਂਦੇ ਨਹੀਂ ਅਤੇ ਇਕ ਕਿਣਕਾ ਵੀ ਘਾਟਾ ਵਾਧਾ ਨਹੀਂ ਕਰਦੇ ਅਤੇ ਜੋ ਕੁਝ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਰਾਹੀਂ ਸਾਨੂੰ ਪਹੁੰਚਿਆ ਹੈ ਉਸ ਨੂੰ ਕੁਬੂਲ ਕਰਦੇ ਹਾਂ । ਭਾਵੇਂ ਅਸੀਂ ਉਸ ਨੂੰ ਸਮਝੀਏ ਜਾਂ ਉਸ ਭੇਦ ਨੂੰ ਨ ਸਮਝ ਸਕੀਏ ਅਤੇ ਉਸ ਦੀ ਵਾਸਤਵਿਕਤਾ ਤੱਕ ਪਹੁੰਚੀਏ ਜਾਂ ਨ ਪਹੁੰਚ ਸਕੀਏ, ਅਸੀਂ ਰੱਬ ਦੀ ਮਿਹਰ ਨਾਲ ਇਕ ਰੱਬ ਉਪੱਰ ਇਮਾਨ ਰਖੱਣ ਵਾਲੇ ਮੁਸਲਮਾਨ ਹਨ ।''

(ਨੂਰੁਲਹਕ ਭਾਗ ਪਹਿਲਾ, ਰੂਹਾਨੀ ਖ਼ਜ਼ਾਇਨ ਭਾਗ 8 ਪੰਨ੍ਹਾ 7)

ਸੋ, ਜਕੇਰ ਉਹਨਾ ਨੇੜੇ ਅਹਮਦੀਆਂ ਦੀ ਸ਼ਰੀਅਤ ਉਹੋ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਕੀਤੀ ਹੈ ਤਾਂ ਫਿਰ ਉਹ ਸ਼ਰੀਅਤ ਤਾਂ ਇਹ ਹੈ । ਪਰ ਝੂਠ ਦੇ ਪੈਰ੍ਹ ਨਹੀਂ ਹੁੰਦੇ, ਉਹ ਕਦੇ ਇਸ ਪੈਰ੍ਹੀਂ ਖੜ੍ਹਾ ਹੁੰਦਾ ਹੈ ਕਦੇ ਦੂਜੇ ਪੈਰੀਂ ਖੜ੍ਹਾ ਹੁੰਦਾ ਹੈ । ਕੋਈ ਇਕ ਗੱਲ ਤਾਂ ਸਪਸ਼ਟ ਰੂਪ ਵਿੱਚ ਮੰਨੇ ਅਤੇ ਵਾਦਾ ਕਰੋ ਕਿ ਹਾਂ ਅਸੀਂ ਇਸ ਗੱਲ ਤੋਂ ਨਹੀਂ ਹਟਾਂਗੇ ।

ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :-

''ਮੈਂ ਸੱਚ ਕਹਿੰਦਾ ਹਾਂ ਅਤੇ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੈਂ ਅਤੇ ਮੇਰੀ ਜਮਾਤ ਮੁਸਲਮਾਨ ਹੈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਅਤੇ ਕੁਰਆਨ ਕਰੀਮ ਉਪੱਰ ਉਸੇ ਪ੍ਰਕਾਰ ਇਮਾਨ ਰਖੱਦੀ ਹੈ, ਜਿਵੇਂ ਇਕ ਸੱਚੇ ਮੁਸਲਮਾਨ ਨੂੰ ਲਿਆਉਂਣਾ ਚਾਹੀਦਾ ਹੈ ।''

(ਲੈਕਚਰ ਲੁਧਿਆਣਾ, ਰੂਹਾਨੀ ਖ਼ਜ਼ਾਇਨ ਭਾਗ 20 ਪੰਨ੍ਹਾ 260 )

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇਕਰ ਇਸੇ ਪ੍ਰਕਾਰ ਆਰੋਪ ਘੜਨੇ ਅਰੰਭ ਰਹਿਣ ਅਤੇ ਆਖਣ ਅਤੇ ਬਣਾਉਟੀ ਕਿੱਸੇ ਜਮਾਤ ਅਹਮਦੀਆ ਵੱਲ ਮੜ੍ਹਦੇ ਰਹਿਣ ਅਤੇ ਸਾਨੂੰ ਬੋਲਣ ਦੀ ਵੀ ਆਗਿਆ ਨ ਹੋਵੇ ਅਤੇ ਜਮਾਤ ਅਹਮਦੀਆ ਦੇ ਬੋਲਣ ਉਪੱਰ ਵੀ ਇਕ ਦੇਸ਼ ਵਿੱਚ ਪਾਬੰਦੀ ਲੱਗੀ ਹੋਵੇ ਅਤੇ

ਲੇਖਣੀ ਉਪੱਰ ਵੀ ਪਾਬੰਦੀ ਹੋਵੇ ਅਤੇ ਉਹ ਆਪਣੀ ਗੱਲ ਪਹੁੰਚਾਉਂਣ ਦਾ ਜਤਨ ਕਰੇ ਤਾਂ ਕਿਵੇਂ । ਸਪਸ਼ਟ ਹੈ ਕਿ ਮਾਰਗ ਵਿੱਚ ਅਨੇਕਾਂ ਰੁਕਾਵਟਾਂ ਹੋਣਗੀਆਂ ਔਕੁੜਾਂ ਹੋਣਗੀਆਂ । ਜਿਸ ਪ੍ਰਕਾਰ ਉਹਨਾਂ ਦੀਆਂ ਵਧੀਕੀਆਂ, ਬਣਾਉਟੀ ਝੂਠ ਅਤੇ ਫਿਤਨਿਆਂ ਦਾ ਗੰਦ ਫੈਲ ਰਿਹਾ ਹੈ ਅਤੇ ਜਿੱਥੇ ਜਿੱਥੇ ਇਹ ਗੰਦ ਪਹੁੰਚ ਰਿਹਾ ਹੈ, ਜਮਾਤ ਲਈ ਸੰਭਵ ਨਹੀਂ ਹੈ ਕਿ ਆਪਣੇ ਸੀਮਿਤ ਸਾਧਨਾਂ ਦੇ ਹੁੰਦਿਆਂ ਹੋਇਆ ਇਹਨਾਂ ਸਾਰੀਆਂ ਥਾਵਾਂ ਤੱਕ ਆਪਣਾ ਜਵਾਬੀ ਸੰਦੇਸ਼ ਪਹੁੰਚਾ ਦੇਵੇ । ਫਿਰ ਇਸ ਦਾ ਕੀ ਹਲ ਹੈ ? ਇਕ ਹੀ ਹਲ ਹੈ, ਮੈਂ ਸਾਰੀ ਜਮਾਤ ਅਮਹਦੀਆ ਵੱਲੋਂ ਉਹਨਾਂ ਸਾਰਿਆਂ ਓਲਮਾਵਾਂ (ਮੌਲਵੀਆਂ) ਨੂੰ ਭਾਵੇਂ ਉਹ ਕਿਤੇ ਵੀ ਵਸੱਣ ਵਾਲੇ ਹੋਣ, ਭਾਵੇਂ ਉਹ ਭਾਰਤ ਜਾਂ ਪਾਕਿਸਤਾਨ ਵਿੱਚ ਵਸੱਣ ਵਾਲੇ ਹੋਣ ਜਾਂ ਹੋਰਨਾ ਦੇਸ਼ਾਂ ਵਿੱਚ ਵਸੱਣ ਵਾਲੇ ਹੋਣ :

## ਇਹ ਚੈਲੰਜ ਕਰਦਾ ਹਾਂ

ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਿਵੇਂ ਰੱਬ ਦੇ ਪਾਕ ਨਾਂ ਦੀਆਂ ਸਹੁੰਆਂ ਖਾਕੇ ਇਹ ਐਲਾਨ ਕੀਤਾ ਹੈ ਕਿ ਮੇਰਾ ਕਲਮਾ ਉਹੋ ਹੈ ਜੋ ਸਾਰਿਆਂ ਮੁਸਲਮਾਨਾ ਦਾ ਕਲਮਾ ਹੈ ਅਤੇ ਮੇਰੇ ਰਸੂਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਹਨ ਅਤੇ ਮੇਰਾ ਉਹਨਾਂ ਸਾਰੀਆਂ ਗਲੱਾਂ ਉਪੱਰ ਇਮਾਨ ਹੈ ਜੋ ਇਸਲਾਮ ਲਿਆਉਣ ਲਈ ਜਿੰਨ੍ਹਾ ਗੱਲਾਂ'ਤੇ ਇਮਾਨ ਲਿਆਉਣਾ ਜ਼ਰੂਰੀ ਹੈ । ਜਿਸ ਮਹਾਨਤਾ ਤੇ ਜਿਸ ਸ਼ਾਨ ਨਾਲ ਆਪਨੇ ਸਹੁੰ ਖਾਧੀ ਹੈ ਅਤੇ ਝੂਠਿਆਂ'ਤੇ ਲਾਨ੍ਹਤ ਪਾਈ ਹੈ, ਇਸ ਪ੍ਰਕਾਰ ਜੇਕਰ ਇਹ ਆਪਣੇ ਦਾਵੇ ਵਿੱਚ ਸੱਚੇ ਹਨ ਤਾਂ ਇਹ ਸਾਰੇ ਓਲਮਾ ਰੱਲਕੇ ਸਹੁੰ ਚੁਕੱਣ ਅਤੇ ਇਹ ਹਲਫ਼ੀਆ ਬਿਆਨ ਦੇਣ ਤੇ ਪ੍ਰਕਾਸ਼ਤ ਕਰਨ । ਇਸ ਦੇ ਨਾਲ ਹੀ ਸੰਸਾਰ ਭਰ ਵਿੱਚ ਇਸ ਦੇ ਅਨੁਵਾਦ ਕਰਾਕੇ ਪ੍ਰਕਾਸ਼ਤ ਕਰਨ ਕਿ ਅਸੀਂ ਰੱਬ ਨੂੰ ਹਾਜ਼ਰ ਨਾਜ਼ਰ ਜਾਣਕੇ ਇਹ ਵਿਸ਼ਵਾਸ ਰਖੱਦਿਆਂ ਹੋਇਆਂ ਕਿ ਝੂਠਿਆਂ ਉਪੱਰ ਉਸਦੀ ਲਾਨ੍ਹਤ ਪੈਂਦੀ ਹੈ ਅਤੇ ਇਹ ਦੁਆ ਕਰਦਿਆਂ ਹੋਇਆਂ ਕਿ ਜੇਕਰ ਅਸੀਂ ਝੂਠੇ ਹਾਂ

ਤਾਂ ਰੱਬ ਸਾਡੇ ਉਪੱਰ ਲਾਨ੍ਹਤ ਪਾਏ ਅਤੇ ਸਾਨੂੰ ਅਪਮਾਨਤ ਕਰੇ ਤੇ ਰੁਸਵਾਈ ਕਰੇ, ਇਸ ਸੰਸਾਰ ਵਿੱਚ ਵੀ ਅਤੇ ਆਖ਼ਰਤ ਵਿੱਚ ਵੀ ਅਤੇ ਇਹ ਐਲਾਨ ਕਰਦੇ ਹਾਂ ਕਿ ਜਮਾਤ ਅਹਮਦੀਆ ਦਾ ਕਲਮਾ ਵਾਸਤਵ ਵਿੱਚ ਵਖੱਰਾ ਹੈ, ਹੋਰ ਹੈ, ਅਤੇ ਜੱਦ ਇਹ ਕਲਮਾ ਪੜ੍ਹਦੇ ਹਨ ਤਾਂ ਜੱਦ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕਹਿੰਦੇ ਹਨ ਤਾਂ ਮੁਰਾਦ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਹੁੰਦੇ ਹਨ ਅਤੇ ਇਹਨਾਂ ਦੀ ਸ਼ਰੀਅਤ ਹੋਰ ਹੈ ਇਹਨਾਂ ਦਾ ਰੱਬ ਹੋਰ ਹੈ ਅਤੇ ਹਜ਼ਰਤ ਮਿਰਜ਼ਾ ਗ਼ੁਲਾਮ ਅਮਹਦ ਸਾਹਬ ਨੂੰ ਇਹ ਲੋਕ (نعوذباللہ من ذالك) 'ਨਊਜ਼ ਬਿਲੱਾਹਿ ਮਿਨ ਜ਼ਾਲਿਕ' ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਹਰ ਪੱਖੋਂ ਵਡੱਾ ਸਮਝਦੇ ਹਨ ।

ਭਾਵ ਇਹ ਕਿ ਜਿੰਨ੍ਹੇ ਵੀ ਝੂਠ ਇਹ ਘੜ੍ਹ ਰਹੇ ਹਨ ਜੇਕਰ ਇਹਨਾਂ ਵਿੱਚ ਕੁਝ ਵੀ ਗ਼ੈਰਤ ਤੇ ਇਮਾਨ ਹੈ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤਾਂ ਪਹਿਲਾਂ ਹੀ ਸਹੁੰ ਚੁੱਕ ਚੁਕੇ ਹਨ ਇਹ ਵੀ ਆਣਕੇ ਸਹੁੰ ਚੁੱਕ ਜਾਣ ਅਤੇ ਫਿਰ ਦੇਖਣ ਰੱਬ ਦੀ ਤਕਦੀਰ ਕੀ ਰੰਗ ਲਿਆਉਂਦੀ ਹੈ ।

ਬਦ ਦੁਆਵਾਂ ਕਰਨ ਤੋਂ ਤਾਂ ਮੈਂ ਰੋਕਦਾ ਹਾਂ ਪਰ ਇਹ ਲੋਕ ਅਜਿਹੇ ਜ਼ਾਲਮ ਹਨ ਅਤੇ ਅਜਿਹੀ ਨੀਚਤਾ ਤੇ ਹੇਰਾਫੇਰੀ ਇਹਨਾ ਵਿੱਚ ਪਾਈ ਜਾਂਦੀ ਹੈ, ਝੂਠ ਤੇ ਮਨਘੜ੍ਹੰਤ ਗਲੱਾਂ ਵਿੱਚ ਐਨ੍ਹਾ ਸਾਹਸ ਹੈ ਕਿ ਹੋਰ ਕੋਈ ਮਾਰਗ ਹੀ ਨਹੀਂ ਰਹਿ ਜਾਂਦਾ ਛੁੱਟ ਇਸਦੇ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਸ ਚੈਲੰਜ ਨੂੰ ਜੋ ਆਪਣੇ ਅੰਦਰ ਇਕ ਗੁਪਤ ਚੈਲੰਜ ਰਖੱਦਾ ਹੈ ਉਹਨਾਂ ਵੱਲ ਸੁੱਟੀਏ ਅਤੇ ਉਹਨਾਂ ਨੂੰ ਆਖੀਏ ਕਿ ਜੇਕਰ ਤੁਹਾਡੇ ਵਿੱਚ ਸਾਹਸ ਹੈ ਅਤੇ ਵਾਸਤਵ ਵਿੱਚ ਤੁਸੀ ਮੁਤੱਕੀ (ਸੰਜਮੀ) ਹੋ ਅਤੇ ਰੱਬ ਉਪੱਰ ਇਮਾਨ ਰਖੱਦੇ ਹੋ ਤਾਂ ਤੁਸੀਂ ਵੀ ਇਸ ਪ੍ਰਕਾਰ ਦਾ ਸਾਹਸ ਦਿਖਾਓ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਿਸ ਸ਼ਾਨ ਨਾਲ ਰੱਬ ਨੂੰ ਗਵਾਹ ਤੇ ਹਾਜ਼ਰ ਨਾਜ਼ਰ ਜਾਣਕੇ ਦਾਵਾ ਕੀਤਾ ਹੈ ਅਤੇ ਇਹ ਘੋਸ਼ਣਾ ਕੀਤੀ ਹੈ ਤੁਸੀਂ ਵੀ ਮੁਕਾਬਲੇ ਵਿੱਚ ਅਜਿਹੀ ਹੀ ਘੋਸ਼ਣਾ ਕਰ ਦਿਓ ਕਿ ਇਹ ਲੋਕ ਝੂਠੇ, ਪਾਪੀ, ਵਿਭਚਾਰੀ, ਘੱਟੀਆ ਤੇ

ਫ਼ਸਾਦੀ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਗੁਸਤਾਖ਼ ਅਤੇ ਦੀਂਨਿ ਇਸਲਾਮ ਤੋਂ ਵਿਮੁੱਖ ਅਤੇ ਬਹਾਈਆਂ ਵਾਂਗ ਨਵਾਂ ਧਰਮ ਚਲਾਉਣ ਵਾਲੇ ਹਨ । ਇਹ ਸਾਰੀਆਂ ਗਲੱਾਂ ਜੋ ਆਰੋਪ ਲਾਏ ਗਏ ਹਨ ਇਹ ਇਸ ਦੀ ਘੋਸ਼ਣਾ ਕਰ ਦੇਣ ਫਿਰ ਦੇਖਣ ਰੱਬ ਦੀ ਤਕਦੀਰ ਕੀ ਨਿਰਣਾ ਕਰਦੀ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :-

"ਅਖ਼ੀਰ ਮੈਂ ਫਿਰ ਸਾਧਾਰਣ ਲੋਕਾਂ'ਤੇ ਸਪਸ਼ਟ ਕਰਦਾ ਹਾਂ ਕਿ ਮੈਂਨੂੰ ਉਸ ਮਹਾਪ੍ਰਤਾਪੀ ਰੱਬ ਦੀ ਸਹੁੰ ਹੈ ਕਿ ਮੈਂ ਕਾਫ਼ਰ ਨਹੀਂ ।

(لا اله الا الله محمد رسول الله) 'ਲਾ ਇਲਾਹਾ ਇਲਲੱਾਹੁ ਮੁਹਮੱਦੁਰ ਰਸੂਲੁਲੱਾਹਿ' ਮੇਰਾ ਅਕੀਦਾ ਹੈ ਅਤੇ ( وَلَكِن رَسُولَ اللّٰهِ وَخَاتَمَ النَّبِيّٖنَ (الأحزاب :41) 'ਵਲਾ ਕਿਨ ਰਸੂਲਲੱਾਹਿ ਵ ਖ਼ਾਤਾਮਨ ਨਬੀਯੀਨਾ' (ਅਲ ਅਹਜ਼ਾਬ : 41) ਉਪੱਰ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਬਾਰੇ ਮੇਰਾ ਇਮਾਨ ਹੈ । ਮੈਂ ਆਪਣੇ ਇਮਾਨ ਦੀ ਪੱਕਿਆਈ ਉਪੱਰ ਐਨ੍ਹੀਆਂ ਸਹੁੰਆ ਖਾਂਦਾ ਹਾਂ ਜਿੰਨ੍ਹੇ ਰੱਬ ਦੇ ਪਵਿੱਤਰ ਨਾਂ ਹਨ ਅਤੇ ਜਿੰਨ੍ਹੇ ਕੁਰਆਨ ਕਰੀਮ ਦੇ ਅਖੱਰ ਹਨ ਅਤੇ ਜਿੰਨ੍ਹੇ ਰੱਬ ਕੋਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਚਮਤਕਾਰ ਹਨ । ਕੋਈ ਅਕੀਦਾ ਮੇਰਾ ਰੱਬ ਅਤੇ ਉਸਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦੇ ਫ਼ਰਮਾਨ ਦੇ ਵਿਪਰੀਤ ਨਹੀਂ ਹੈ ਅਤੇ ਜੇਕਰ ਕੋਈ ਅਜਿਹਾ ਸੋਚਦਾ ਹੈ ਤਾਂ ਇਹ ਉਸ ਦੀ ਆਪਣੀ ਗ਼ਲਤੀ ਹੈ ਅਤੇ ਜੋ ਮਨੁੱਖ ਮੈਂਨੂੰ ਹੁਣ ਵੀ ਕਾਫ਼ਰ ਸਮਝਦਾ ਹੈ ਅਤੇ ਇਨਕਾਰ ਕਰਨ ਤੋਂ ਮੁੜਦਾ ਨਹੀਂ ਤਾਂ ਨਿਸ਼ਚੇ ਹੀ ਚੇਤੇ ਰੱਖੇ ਕਿ ਮਰਨ ਦੇ ਬਾਦ ਵੀ ਉਸ ਨੂੰ ਪੁੱਛਿਆ ਜਾਵੇਗਾ ।"

(ਕਰਾਮਾਤੁਸੱਾਦਿਕੀਨ, ਰੂਹਾਨੀ ਖ਼ਜ਼ਾਇਨ ਭਾਗ-7, ਪੰਨ੍ਹਾ 67)

ਉਤੱਰ ਵਿੱਚ ਦ੍ਰਿੜ੍ਹਤਾ ਹੈ, ਸ਼ਕਤੀ ਤੇ ਸ਼ਾਨ ਹੈ ਪਰ ਨਾਲ ਹੀ ਇਕ ਦਇਆ ਦਾ ਪੱਖ ਵੀ ਹੈ 'ਮਰਨ ਦੇ ਬਾਦ ਵੀ ਉਸ ਨੂੰ ਪੁੱਛਿਆ ਜਾਵੇਗਾ' ਪਰ ਇਹ ਲੋਕ ਕਿੰਨ੍ਹੇ ਮੂੰਹਫੱਟ ਹੋ ਚੁੱਕੇ ਹਨ ਕਿ ਹੁਣ ਇਹਨਾ ਨੂੰ ਇਹ ਆਖਣਾ

ਚਾਹੀਦਾ ਹੈ ਕਿ ਜੇਕਰ ਅਸੀਂ ਝੂਠੇ ਹਾਂ ਤਾਂ ਰੱਬ ਸਾਨੂੰ ਇਸ ਦੁਨੀਆ ਵਿੱਚ ਵੀ ਪੁੱਛੇ । ਹੁਣ ਤਾਂ ਉਸ ਮਨੁੱਖ ਦੇ ਰਾਹੇ ਤੁਰ ਪਏ ਹਨ ਜਿਸ ਨੇ ਕਿਹਾ ਸੀ ਕਿ ਇਸ ਦੁਨੀਆ ਵਿੱਚ ਵੀ ਸਾਡੇ ਉਪੱਰ ਪਥੱਰਾਉ ਹੋਵੇ ਅਤੇ ਅਕਾਸ਼ ਵੀ ਪਥੱਰ ਵਰ੍ਹਾਏ ।

ਇਸ ਲਈ ਜੱਦ ਐਨ੍ਹਾਂ ਮੂੰਹਫੱਟ ਹੋ ਚੁਕੇ ਹਨ ਤਾਂ ਫਿਰ ਅੱਗੇ ਵਧੱਣ ਅਤੇ ਰੱਬ ਦੀਆਂ ਸਹੁੰਆ ਚੁੱਕ ਕੇ ਇਹ ਐਲਾਨ ਕਰਨ, ਜੇਕਰ ਅਸੀਂ ਝੂਠੇ ਹਾਂ ਤਾਂ ਰੱਬ ਇਸ ਸੰਸਾਰ ਵਿੱਚ ਸਾਡੇ ਉਪੱਰ ਲਾਨ੍ਹਤ ਪਾਏ ਅਤੇ ਸਾਨੂੰ ਬਰਬਾਦ ਤੇ ਅਪਮਾਨਤ ਕਰੇ, ਜੇਕਰ ਅਸੀਂ ਝੂਠੇ ਹਾਂ ਕਿ ਅਮਹਦੀ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਦਾ ਕਲਮਾ ਨਹੀਂ ਪੜ੍ਹਦੇ ਸਗੋਂ ਮਿਰਜ਼ਾ ਗ਼ੁਲਾਮ ਅਮਹਦ ਦਾ ਕਲਮਾ ਪੜ੍ਹਦੇ ਹਨ, ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਦੀਨ ਨੂੰ ਨਹੀਂ ਮਨ੍ਹਦੇ ਸਗੋਂ ਵਖੱਰਾ ਧਰਮ ਬਣਾਇਆ ਹੋਇਆ ਹੈ, ਕੁਰਆਨ ਕਰੀਮ ਨੂੰ ਮਨ੍ਹਣ ਵਾਲੇ ਨਹੀਂ ਸਗੋਂ ਇਕ ਹੋਰ ਕਿਤਾਬ ਹੈ ਜੋ ਕੁਰਆਨ ਕਰੀਮ ਦੇ ਵਿਪਰੀਤ ਅਤੇ ਉਸ ਤੋਂ ਵਖੱਰੀ ਇਕ ਕਿਤਾਬ ਬਣਾ ਲਈ ਹੈ । ਇਹਨਾਂ ਦੀ ਸ਼ਰੀਅਤ ਬਹਾਈਆਂ ਵਾਂਗ ਵਖੱਰੀ ਸ਼ਰੀਅਤ ਹੈ, ਇਹਨਾਂ ਦਾ ਰੱਬ ਹੋਰ ਹੈ, ਇਹਨਾਂ ਦਾ ਰਸੂਲ ਹੋਰ ਹੈ ਸਗੋਂ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਨੂੰ 'ਨਊਜ਼ਬਿੱਲਾਹਿ ਮਿਨ ਜ਼ਾਲਿਕ' ਇਹ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਵਡੱਾ ਨਬੀ ਹੀ ਨਹੀਂ ਸਗੋਂ ਰੱਬ ਮਨੰਦੇ ਹਨ । ਇਹ ਸਾਰੀਆਂ ਗੱਲਾਂ ਇਹ ਸਾਰੀ ਬਕਵਾਸ ਇਸੇ ਕਿਤਾਬ ਵਿੱਚ ਹੈ ।

ਤਾਂ ਫਿਰ ਇਹ ਕਰ ਲੈਂਣ ਅਤੇ ਜੇਕਰ ਇਹ ਕਰਕੇ ਦਿਖਾਉਣ ਤਾਂ ਮੈਂ ਆਪ ਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਕਿ ਰੱਬ ਦਾ ਕਹਿਰੀ ਪ੍ਰਕੋਪ ਅਵਸ਼ ਪ੍ਰਕਟ ਹੋਵੇਗਾ । ਆਪ ਆਪਣੀਆਂ ਅਖੱਾਂ ਸਾਹਮਣੇ ਦੇਖੋਗੇ ਕਿ ਕਿਵੇਂ ਰੱਬ ਦੀ ਤਕਦੀਰ ਉਹਨਾਂ ਦੇ ਪਤੱਰੇ ਉਡਾਕੇ ਰੱਖ ਦੇਵੇਗੀ ਅਤੇ ਅਪਮਾਨਤ ਤੇ ਖਿੰਡ ਪੁੰਡਕੇ ਰਖੱ ਦੇਵੇਗੀ । ਅਸਫ਼ਲਤਾ ਤਾਂ ਹਰ ਅਵਸਥਾ ਵਿੱਚ ਉਹਨਾਂ ਦੇ ਮੁਕਦੱਰ ਵਿੱਚ ਹੈ ਪਰ ਅਸੀਂ ਤਾਂ ਇਹ ਮਿੰਨਤਾਂ (ਤਰਲੇ ਮਾਰਦੇ ਹਾਂ) ਕਰਦੇ ਹਾਂ ਅਤੇ ਉਸੇ ਦੀ

ਹਮੇਸ਼ਾ ਰੱਬ ਤੋਂ ਇਹ ਆਸ ਰਖੱਦੇ ਹਾਂ ਕਿ ਰੱਬ ਇਹਨਾਂ ਨੂੰ ਸੁਮਾਰਗ ਪ੍ਰਦਾਨ ਕਰੇ ਇਹਨਾਂ ਨੂੰ ਹਿਦਾਇਤ ਬਖਸ਼ੇ, ਰੱਬ ਇਹਨਾਂ'ਤੇ ਆਪਣੀ ਮਿਹਰ ਕਰੇ, ਇਹ ਆਪਣੀਆਂ ਬਦੀਆਂ ਤੋਂ ਬਾਜ਼ ਆ ਜਾਣ ਅਤੇ ਇਹ ਅਸੀਂ ਇਸ ਲਈ ਕਰਦੇ ਹਾਂ ਕਿ ਖ਼ੁਦਾਈ ਆਪਣੇ ਹੱਥ ਵਿੱਚ ਨਹੀਂ ਲੈਂਦੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਤਾਂ ਰੱਬ ਨੇ ਆਪ ਰੋਕ ਦਿਤੱਾ ਸੀ, ਪਰ ਉਹਨਾਂ ਵਿੱਚੋਂ ਕੌਣ ਅਜਿਹੇ ਹਨ ਜੋ ਪ੍ਰਕੋਪੀ ਹਨ ਅਤੇ ਕੌਣ ਅਜਿਹੇ ਹਨ ਜੋ ਵਿੱਚੋਂ ਨੇਕ ਸੁਭਾਵੀ ਹਨ, ਸਾਨੂੰ ਉਸਦਾ ਗਿਆਨ ਨਹੀਂ । ਇਸ ਲਈ ਮਨ ਤਿਆਰ ਨਹੀਂ ਹੁੰਦਾ ਕਿ ਸਾਰਿਆਂ'ਤੇ ਅਜਿਹੀ ਲਾਨ੍ਹਤ ਪਾਈ ਜਾਵੇ, ਪਰ ਹੁਣ ਜੋ ਮੈਂ ਪੇਸ਼ ਕਰ ਰਿਹਾ ਹਾਂ ਇਸ ਦਾ ਅਰਥ ਇਹ ਹੈ ਕਿ ਜੇਕਰ ਉਹਨਾਂ ਵਿੱਚ ਸਾਹਸ ਹੈ ਤਾਂ ਆਪ ਅੱਗੇ ਆਉਣ ਅਤੇ ਸਾਡੇ ਉਪੱਰ ਲਾਨ੍ਹਤ ਪਾਉਣ ਅਤੇ ਆਪਣੇ ਦਾਵੇ ਦੇ ਪੱਖ ਵਿੱਚ ਆਪਣੇ ਉਪੱਰ ਜੇਕਰ ਝੂਠਾ ਹੈ ਤਾਂ ਲਾਨ੍ਹਤ ਪਾਏ । ਜੇਕਰ ਉਸ ਵਿੱਚ ਜੁਰੱਤ ਤੇ ਸਾਹਸ ਹੈ ਤਾਂ ਆਵੇ ਅਤੇ ਆਪ ਦੇਖੇ ਕਿ ਰੱਬ ਦੀ ਤਕਦੀਰ ਉਸ ਨੂੰ ਕਿਵੇਂ ਅਪਮਾਨਤ, ਜ਼ਲੀਲ ਤੇ ਰੁਸਵਾ ਕਰਕੇ ਦਿਖਾਉਂਦੀ ਹੈ ।"

(ਖ਼ੁਤਬਾ ਜੁਮਆ 6 ਮਾਰਚ 1987 ਈ.)

ਇਬਨੇ ਮਰਿਯੱਮ ਮਰ ਗਿਆ ਹੱਕ ਕੀ ਕਸਮ
ਦਾਖ਼ਿਲੇ ਜਨੱਤ ਹੁਆ ਵੋਹ ਮੁਹਤਰਮ
(ਦੁੱਰੇ ਸਮੀਨ)

بِسۡمِ اللّٰہِ الرَّحۡمٰنِ الرَّحِیۡم

نَحۡمَدُہٗ وَنُصَلِّیۡ عَلٰی رَسُوۡلِہِ الۡکَرِیۡم وَعَلٰی عَبۡدِہِ الۡمَسِیۡحِ الۡمَوۡعُوۡد

خدا کے فضل اور رحم کے ساتھ

ھوالناصر

# ਆਇਨਾਇ ਕਮਾਲਾਤਿ ਇਸਲਾਮ

## ਸਹੁੰ ਖਾਣ ਦਾ ਉਦੇਸ਼

"ਸਹੁੰ (ਕਸਮ) ਬਾਰੇ ਚੰਗੀ ਤਰ੍ਹਾਂ ਚੇਤੇ ਰਖੱਣਾ ਚਾਹੀਦਾ ਹੈ ਕਿ ਉਸ ਜਲਾਲ ਵਾਲੇ (ਮਹਾਪ੍ਰਤਾਪੀ) ਰੱਬ ਦੀਆਂ ਸਹੁੰਆ ਦਾ ਮਨੁੱਖ ਦੀਆ ਸਹੁੰਆ'ਤੇ ਅਨੁਮਾਨ ਲਾਉਂਣਾ ਇਕ ਅਨੁਮਾਨਤ ਫ਼ਰਕ (ਅੰਤਰ) ਹੈ, ਰੱਬ ਨੇ ਜੋ ਮਨੁੱਖ ਨੂੰ ਰੱਬ ਤੋਂ ਬਿਨਾਂ ਹੋਰਨਾ ਦੀਆਂ ਸਹੁੰਆ ਖਾਣ ਤੋਂ ਮੋੜਿਆ ਹੈ ਉਸ ਦਾ ਸਬਬ ਇਹ ਹੈ ਕਿ ਮਨੁੱਖ ਜੱਦ ਸਹੁੰ ਚੁਕੱਦਾ ਹੈ ਤਾਂ ਉਸ ਦਾ ਨਿਸ਼ਚਾ ਇਹ ਹੁੰਦਾ ਹੈ ਕਿ ਜਿਸ ਚੀਜ਼ ਦੀ ਸਹੁੰ ਖਾਧੀ ਗਈ ਹੈ ਉਸ ਨੂੰ ਇਕ ਅਜਿਹੇ ਚਸ਼ਮਦੀਦ ਗਵਾਹ ਦੇ ਰੂਪ ਵਿੱਚ ਖੜਾ ਕਰੇ ਕਿ ਜੋ ਆਪਣੀ ਵਿਅਕਤੀਗੱਤ ਜਾਣਕਾਰੀ ਨਾਲ ਉਸ ਦੇ ਬਿਆਨ ਦੀ ਪਖੱਤਾ ਜਾਂ ਵਿਪਖੱਤਾ ਕਰ ਸਕਦਾ ਹੈ, ਕਿਉਂਕਿ ਜੇਕਰ ਸੋਚਕੇ ਦੇਖੀਏ ਤਾਂ ਸਹੁੰ ਦਾ ਵਾਸਤਵਕ ਭਾਵ ਗਵਾਹੀ ਹੀ ਹੈ । ਜੱਦ ਮਨੁੱਖ ਸਾਧਾਰਣ ਗਵਾਹੀਆਂ ਪੇਸ਼ ਕਰਨ ਤੋਂ ਅਸਮਰਥ ਹੋ ਜਾਂਦਾ ਹੈ ਤਾਂ ਫ਼ਿਰ ਸਹੁੰਆਂ ਦਾ ਮੁਥਾਜ ਹੁੰਦਾ ਹੈ ਤਾਂ ਜੋ ਉਸ ਤੋਂ ਲਾਭ ਉਠਾਏ । ਜੋ ਇਕ ਚਸ਼ਮਦੀਦ ਗਵਾਹ ਦੀ ਗਵਾਹੀ ਨਾਲ ਲੈਂਣਾ ਚਾਹੀਦਾ ਹੈ ਪਰ ਇਹ ਵਿਉਤ ਕਰਨਾ ਜਾਂ ਆਸਥਾ ਰਖੱਣੀ ਕਿ ਰੱਬ ਤੋਂ ਬਿਨਾ ਹੋਰ ਵੀ ਕੋਈ ਚੀਜ਼ ਹਾਜ਼ਰ ਨਾਜ਼ਰ ਹੈ ਅਤੇ ਪੱਖ ਜਾਂ ਵਿਪੱਖ ਜਾਂ ਦੰਡ ਜਾਂ ਕਿਸੇ ਹੋਰ ਕਾਰਜ ਉਪੱਰ ਕਾਦਰ ਹੈ, ਸਪਸ਼ਟ ਕੁਫ਼ਰ ਦੀ

ਗੱਲ ਹੈ । ਇਸ ਲਈ ਰੱਬ ਦੀਆਂ ਸਾਰੀਆਂ ਕਿਤਾਬਾਂ ਵਿੱਚ ਮਨੁੱਖ ਲਈ ਇਹੋ ਸਿੱਖਿਆ ਹੈ ਕਿ ਰੱਬ ਤੋਂ ਬਿਨਾਂ ਕਿਸੇ ਹੋਰ ਦੀ ਸਹੁੰ ਉਕੱਾ ਹੀ ਨ ਖਾਧੀ ਜਾਵੇ ।

ਹੁਣ ਸਪਸ਼ਟ ਹੈ ਕਿ ਰੱਬ ਦੀਆਂ ਸਹੁੰਆ ਦਾ ਮਨੁੱਖ ਦੀਆਂ ਸਹੁੰਆਂ ਨਾਲ ਅਨੁਮਾਨ ਲਾਉਂਣਾ ਠੀਕ ਨਹੀਂ ਹੋ ਸਕਦਾ । ਕਿਉਂਕਿ ਰੱਬ ਨੂੰ ਮਨੁੱਖ ਵਾਂਗ ਕਿਸੇ ਪ੍ਰਕਾਰ ਦੀ ਕੋਈ ਅਜਿਹੀ ਔਕੁੜ ਨਹੀਂ ਆਉਂਦੀ, ਜੋ ਮਨੁੱਖ ਨੂੰ ਸਹੁੰ ਚੁਕੱਣ ਸਮੇਂ ਆਉਂਦੀ ਹੈ, ਸਗੋਂ ਉਸ ਦਾ ਸਹੁੰ ਚੁਕੱਣਾ ਇਕ ਹੋਰ ਰੂਪ ਰਖੱਦਾ ਹੈ ਜੋ ਉਸ ਦੀ ਸ਼ਾਨ ਯੋਗ ਤੇ ਉਸ ਦੀ ਕੁਦਰਤ ਅਨੁਸਾਰ ਹੈ ।''

(ਰੂਹਾਨੀ ਖ਼ਜ਼ਾਇਨ ਭਾਗ 5, ਆਇਨਾਇ ਕਮਾਲਾਤਿ ਇਸਲਾਮ ਪੰਨ੍ਹਾ 95-96)

ਦਿਲਬਰਾ ਮੁਝ ਕੋ ਕਸਮ ਤੇਰੀ ਯਕਤਾਈ ਕੀ
ਆਪ ਕੋ ਤੇਰੀ ਮੁਹਬੱਤ ਮੇਂ ਭੁਲਾਯਾ ਹਮਨੇ

(ਰੂਹਾਨੀ ਖ਼ਜ਼ਾਇਨ ਭਾਗ 5, ਆਇਨਾਇ ਕਮਾਲਾਤਿ ਇਸਲਾਮ ਪੰਨ੍ਹਾ 225)

وَاللهِ اِنِّی قَدْ رَأَیْتُ جَمَالَهٗ
ਵਲੱਾਹਿ ਇਨੱੀ ਕਦ ਰਾਇਤੁ ਜਮਾਲਾਹੂ
(ਰੱਬ ਦੀ ਸਹੁੰ ਮੈਂ ਤੁਹਾਡੀ ਸੁੰਦਰਤਾ ਦੇਖੀ ਹੈ)

بِعُیُوْنِ جِسْمِیْ قَاعِدًا بِمَکَانِیْ
ਬਿ-ਉਯੂਨਿ ਜਿਸਮੀ ਕਾਇਦਨ ਬਿ-ਮਕਾਨੀ
(ਅਪਣੀਆਂ ਸ਼ਰੀਰਕ ਅਖੱਾਂ ਨਾਲ ਆਪਣੇ ਘਰ ਵਿੱਚ)

(ਰੂਹਾਨੀ ਖ਼ਜ਼ਾਇਨ ਭਾਗ 5, ਆਇਨਾਇ ਕਮਾਲਾਤਿ ਇਸਲਾਮ ਪੰਨ੍ਹਾ 593)

## ਹਕੀਕਾਤੁਲ ਵਹੀ

''ਇਸ ਉਮੱਤ (ਇਸਲਾਮ) ਵਿੱਚ ਕੁਝ ਲੋਕ ਅਜਿਹੇ ਹੋਣਗੇ ਜਿੰਨ੍ਹਾ ਦਾ ਨਾਂ ਯਹੂਦ ਰੱਖਿਆ ਜਾਏਗਾ । ਇਸੇ ਪ੍ਰਕਾਰ ਇਸ ਉਮੱਤ ਵਿੱਚੋ ਇਕ ਵਿਅਕਤੀ ਪੈਦਾ ਹੋਵੇਗਾ ਜਿਸ ਦਾ ਨਾਂ ਈਸਾ ਅਤੇ ਮਸੀਹ ਮੌਊਦ ਰੱਖਿਆ ਜਾਏਗਾ। ਕੀ

ਲੋੜ ਹੈ ਕਿ ਹਜ਼ਰਤ ਈਸਾ ਨੂੰ ਆਕਾਸ਼ ਤੋਂ ਉਤਾਰਿਆ ਜਾਵੇ ਅਤੇ ਉਹਨਾ ਦੀ ਸਥਾਈ ਨਬੁਵੱਤ ਦਾ ਜਾਮਾ ਲਾਹਕੇ ਉਮੱਤੀ ਬਣਾਇਆ ਜਾਵੇ । ਜੇਕਰ ਆਖਿਆ ਜਾਵੇ ਕਿ ਇਹ ਕਾਰਵਾਈ ਦੰਡ ਵੱਜੋਂ ਹੋਵੇਗੀ ਕਿਉਂਕਿ ਉਹਨਾਂ ਦੀ ਕੌਮ ਨੇ ਉਹਨਾਂ ਨੂੰ ਰੱਬ ਬਣਾਇਆ ਸੀ ਤਾਂ ਇਹ ਉਤੱਰ ਵੀ ਬੇਹੂਦਾ ਹੈ ਕਿਉਂਕਿ ਇਸ ਵਿੱਚ ਹਜ਼ਰਤ ਈਸਾ ਅਲੈਹਿ ਸਲਾਮ ਦਾ ਕੀ ਕਸੂਰ ਹੈ ।

ਮੈਂ ਇਹ ਗਲੱਾਂ ਕਿਸੇ ਅਨੁਮਾਨ ਜਾਂ ਕਲਪਨਾ ਨਾਲ ਨਹੀਂ ਕਹਿੰਦਾ ਸਗੋਂ ਮੈਂ ਰੱਬ ਕੋਲੋਂ ਵਹੀ ਪ੍ਰਾਪਤ ਕਰਕੇ ਕਹਿੰਦਾ ਹਾਂ ਅਤੇ ਉਸ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਉਸੇ ਨੇ ਮੈਂਨੂੰ ਇਹ ਸੂਚਨਾ ਦਿੱਤੀ ਹੈ । ਸਮਾਂ ਮੇਰੀ ਗਵਾਹੀ ਦਿੰਦਾ ਹੈ । ਰੱਬ ਦੇ ਨਿਸ਼ਾਨ ਮੇਰੀ ਗਵਾਹੀ ਦਿੰਦੇ ਹਨ ।''

(ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 33, ਹਕੀਕਾਤੁਲ ਵਹੀ ਪੰਨਾ 30,31)

''ਮੇਰੇ ਹੀ ਯੁੱਗ ਵਿੱਚ ਰਮਜ਼ਾਨ ਦੇ ਮਹੀਂਨੇ ਵਿੱਚ 'ਕੁਸੂਫ਼ ਵ ਖ਼ੁਸੂਫ਼' (ਸੂਰਜ ਤੇ ਚੰਨ੍ਹ ਨੂੰ ਭਵਿੱਖਬਾਣੀਆਂ ਅਨੁਸਾਰ ਪਹਿਲਾਂ ਤੋਂ ਮਿੱਥੀਆਂ ਮਿਤੀਆਂ ਵਿੱਚ ਗ੍ਰਹਿਣ ਲਗਣਾ) ਹੋਇਆ, ਮੇਰੇ ਹੀ ਯੁੱਗ ਵਿੱਚ ਦੇਸ਼ ਵਿੱਚ ਕੁਰਆਨ ਕਰੀਮ, ਸਹੀ ਹਦੀਸਾਂ ਤੇ ਪਹਿਲੀਆਂ ਕਿਤਾਬਾਂ ਅਨੁਸਾਰ ਤਾਊਨ (ਪਲੇਗ) ਫੈਲਿਆ, ਮੇਰੇ ਹੀ ਯੁੱਗ ਵਿੱਚ ਨਵੀਆਂ ਕਾਢਾਂ ਦੀ ਸਵਾਰੀ ਅਰਥਾਤ ਰੇਲ ਗੱਡੀ ਆਈ ਅਤੇ ਮੇਰੇ ਹੀ ਯੁੱਗ ਵਿੱਚ ਮੇਰੀਆਂ ਭਵਿੱਖਬਾਣੀਆਂ ਅਨੁਸਾਰ ਭਿਆਨਕ ਭੁਚਾਲ ਆਏ ਤਾਂ ਫਿਰ ਕੀ ਸੰਜਮਤਾ ਦਾ ਇਹ ਤਕਾਦਾ ਨਹੀਂ ਕਿ ਮੇਰੇ ਝੁਠਲਾਉਣ ਦਾ ਸਾਹਸ ਨ ਕੀਤਾ ਜਾਂਦਾ ?

ਦੇਖੋ ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਹਜ਼ਾਰਾਂ ਹੀ ਨਿਸ਼ਾਨ ਮੇਰੇ ਪ੍ਰਮਾਣ ਲਈ ਪ੍ਰਕਟ ਹੋਏ ਹਨ ਅਤੇ ਹੋ ਰਹੇ ਹਨ ਅਤੇ ਭਵਿੱਖ ਵਿੱਚ ਹੁੰਦੇ ਰਹਿਣਗੇ । ਜੇਕਰ ਇਹ ਮਨੁੱਖੀ ਯੋਜਨਾ ਹੁੰਦੀ ਤਾਂ ਐਨ੍ਹਾ ਸਮਰਥਨ ਤੇ ਸਹਾਇਤਾ ਉਸਦੀ ਉਕੱਾ ਹੀ ਨ ਹੁੰਦੀ ਅਤੇ ਇਹ ਗੱਲ ਨਿਆਏ ਤੇ ਇਮਾਨ ਦੇ ਵਿਰੁਧ ਹੈ ਕਿ ਹਜ਼ਾਰਾਂ ਨਿਸ਼ਾਨੀਆਂ ਵਿੱਚੋਂ ਜੋ ਪ੍ਰਕਟ ਹੋ ਚੁੱਕੀਆਂ ਹਨ ਕੇਵਲ ਇਕ ਜਾਂ ਦੋ ਗਲੱਾਂ ਨੂੰ ਲੋਕਾਂ ਨੂੰ ਧੋਖਾ ਦੇਣ ਲਈ ਪੇਸ਼ ਕਰਨਾ ਕਿ ਫ਼ਲਾਣੀ

ਪੇਸ਼ਗੋਈ ਪੂਰੀ ਨਹੀਂ ਹੋਈ । ਹੇ, ਮੂਰਖੋ, ਅਕਲ ਦੇ ਅੰਨਿਓ ! ਨਿਆਏ ਤੇ ਇਮਾਨਦਾਰੀ ਤੋਂ ਦੂਰ ਰਹਿਣ ਵਾਲਿਓ !! ਹਜ਼ਾਰਾਂ ਹੀ ਭਵਿੱਖਬਾਣੀਆਂ ਵਿੱਚੋਂ ਜੇਕਰ ਇਕ ਜਾਂ ਦੋ ਭਵਿੱਖਬਾਣੀਆਂ ਦਾ ਪੂਰਾ ਹੋਣਾ ਤੁਹਾਡੀ ਸਮਝ ਵਿੱਚ ਨਹੀਂ ਆ ਸਕਿਆ ਤਾਂ ਕੀ ਤੁਸੀਂ ਇਸ ਬਹਾਨੇ ਨਾਲ ਰੱਬ ਦੇ ਸਾਹਮਣੇ ਅਸਮਰਥ ਠਹਿਰ ਜਾਓਗੇ । ਤੋਬਾ ਕਰੋ ਕਿ ਰੱਬ ਦੇ ਦਿਨ ਨੇੜੇ ਹਨ ਅਤੇ ਉਹ ਨਿਸ਼ਾਨ ਪ੍ਰਕਟ ਹੋਣ ਵਾਲੇ ਹਨ ਜੋ ਧਰਤੀ ਨੂੰ ਹਿਲਾ ਦੇਣਗੇ ।''

(ਰੂਹਾਨੀ ਖ਼ਜ਼ਾਇਨ ਭਾਗ **22**, ਪੰਨਾ **48**, ਹਕੀਕਾਤੁਲਵਹੀ ਪੰਨਾ **45-46**)

## ਹਾਸ਼ੀਆ

''ਜੇਕਰ ਰੱਬ ਦੀਆਂ ਨਿਸ਼ਾਨੀਆਂ ਨੂੰ ਜੋ ਮੇਰੇ ਪੱਖ ਵਿੱਚ ਪ੍ਰਕਟ ਹੋਈਆਂ ਹਨ ਅੱਜ ਦੇ ਦਿਨ ਤੱਕ ਗਿਣਤੀ ਕੀਤੀ ਜਾਵੇ ਤਾਂ ਉਹ ਤਿੰਨ ਲੱਖ ਤੋਂ ਵੀ ਵੱਧ ਹੋਣਗੀਆਂ, ਫਿਰ ਜੇਕਰ ਐਨ੍ਹੀਆਂ ਨਿਸ਼ਾਨੀਆਂ ਵਿੱਚੋਂ ਦੋ ਤਿੰਨ ਨਿਸ਼ਾਨ ਕਿਸੇ ਵਿਰੋਧੀ ਦੀ ਦ੍ਰਿਸ਼ਟੀ ਵਿੱਚ ਸ਼ੰਕਾ ਵਿੱਚ ਹਨ ਤਾਂ ਉਹਨਾਂ ਬਾਰੇ ਰੌਲ੍ਹਾ ਪਾਉਣਾ ਅਤੇ ਐਨ੍ਹੀਆਂ ਬਹੁਤੀਆਂ ਨਿਸ਼ਾਨੀਆਂ ਤੋਂ ਲਾਭ ਨ ਉਠਾਉਣਾ, ਕੀ ਇਹੋ ਇਹਨਾਂ ਲੋਕਾਂ ਦੀ ਸੰਜਮਤਾ ਹੈ, ਕੀ ਨਬੀਆਂ ਦੀ ਭਵਿੱਖਬਾਣੀਆਂ ਵਿੱਚ ਇਸ ਪ੍ਰਕਾਰ ਦੀ ਉਧਾਰਣ ਨਹੀਂ ਪਾਈ ਜਾਂਦੀ ।''

---

''ਹੁਣ ਮੈਂ ਕੁਰਆਨ ਕਰੀਮ ਦੀ ਆਇਤ ( وَأَمَّا بِنِعْمَةِ رَبِّكَ فَحَدِّثْ ) ਵ-ਅਮੱਾ ਬਿਨਿ-ਮਤਿਕਾ ਫ਼-ਹੱਦਿਸ) ਅਨੁਸਾਰ ਆਪਣੇ ਬਾਰੇ ਦਸੱਦਾ ਹਾਂ ਕਿ ਰੱਬ ਨੇ ਮੈਂਨੂੰ ਉਸ ਤੀਜੇ ਦਰਜੇ ਵਿੱਚ ਦਾਖ਼ਲ ਕਰਕੇ ਉਹ ਨੇਮਤ ਬਖ਼ਸ਼ੀ ਹੈ ਜੋ ਮੇਰੇ ਜਤਨ ਨਾਲ ਨਹੀਂ ਸਗੋਂ ਮਾਂ ਦੀ ਕੁੱਖ ਵਿੱਚ ਹੀ ਮੈਂਨੂੰ ਪ੍ਰਦਾਨ ਕੀਤੀ ਗਈ ਹੈ ਮੇਰੇ ਪੱਖ ਵਿੱਚ ਉਸ ਨੇ ਉਹ ਨਿਸ਼ਾਨ ਪ੍ਰਕਟ ਕੀਤੇ ਹਨ ਕਿ ਅੱਜ ਦੀ ਮਿਤੀ ਜੋ **16** ਜੁਲਾਈ **1906** ਈ. ਹੈ ਜੇਕਰ ਮੈਂ ਉਹਨਾਂ ਨੂੰ ਵੱਖਰਿਆਂ ਵੱਖਰਿਆਂ ਗਿਣਤੀ ਕਰਾਂ ਤਾਂ ਮੈਂ ਰੱਬ ਦੀ ਸਹੁੰ ਖਾਕੇ ਕਹਿ ਸਕਦਾ ਹਾਂ ਕਿ ਉਹ ਤਿੰਨ ਲੱਖ ਤੋਂ ਵੀ

ਵੱਧ ਹਨ ਅਤੇ ਜੇਕਰ ਕੋਈ ਮੇਰੀ ਸਹੁੰ ਉਪੱਰ ਵਿਸ਼ਵਾਸ ਨ ਕਰੇ ਤਾਂ ਮੈਂ ਉਸ ਨੂੰ ਸਬੂਤ ਦੇ ਸਕਦਾ ਹਾਂ ।"

(ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 70, ਹਕੀਕਾਤੁਲ ਵਹੀ ਪੰਨਾ 67)

"ਤਾਊਨ (ਪਲੇਗ) ਦੇ ਦਿਨਾਂ ਵਿੱਚ ਜੱਦ ਕਿ ਕਾਦੀਆਂ ਵਿੱਚ ਤਾਊਨ ਜ਼ੋਰਾਂ'ਤੇ ਸੀ, ਮੇਰਾ ਲੜਕਾ ਸ਼ਰੀਫ਼ ਅਹਮਦ ਬਿਮਾਰ ਹੋਇਆ ਅਤੇ ਇਕ ਤੇਜ਼ ਤਾਪ ਟਾਇਫਾਇਡ ਰੂਪੀ ਚੜ੍ਹਿਆ ਜਿਸ ਕਰਕੇ ਲੜਕਾ ਬੇਹੋਸ਼ (ਮੂਰਛਿਤ) ਹੋ ਗਿਆ ਅਤੇ ਬੇਹੋਸ਼ੀ ਵਿਚ ਦੋਵੇਂ ਹੱਥ ਮਾਰਦਾ ਸੀ ਮੈਂਨੂੰ ਵਿਚਾਰ ਆਇਆ ਕਿ ਭਾਵੇਂ ਮਨੁੱਖ ਨੂੰ ਮੌਤ ਤੋਂ ਗੁਰੇਜ਼ ਨਹੀਂ ਪਰ ਜੇਕਰ ਲੜਕਾ ਇਹਨਾਂ ਦਿਨਾਂ ਵਿੱਚ ਜੱਦ ਕਿ ਤਾਊਨ ਦਾ ਜ਼ੋਰ ਹੈ ਉਸਦੀ ਮੌਤ ਹੋ ਗਈ ਤਾਂ ਸਾਰੇ ਦੁਸ਼ਮਣ ਇਸ ਬੁਖ਼ਾਰ ਨੂੰ ਤਾਊਨ ਠਹਿਰਾਉਣਗੇ ਅਤੇ ਰੱਬ ਦੀ ਉਸ ਪਾਕ ਵਹੀ ਨੂੰ ਝੁਠਲਾਉਣਗੇ ਜੋ ਉਸ ਨੇ ਫ਼ਰਮਾਇਆ ਸੀ (انّی احافظ کلّ من فی الدار) 'ਇਨੀ ਉਹਾਫ਼ਿਜ਼ੁ ਕੁਲੱਾ ਮਨ ਫ਼ਿਦੱਾਰਿ' ਅਰਥਾਤ ਮੈਂ ਹਰ ਇਕ ਨੂੰ ਜੋ ਤੇਰੇ ਘਰ ਦੀ ਚਾਰ ਦਿਵਾਰੀ ਦੇ ਅੰਦਰ ਹੈ ਤਾਊਨ ਤੋਂ ਬਚਾਵਾਂਗਾ । ਇਸ ਵਿਚਾਰ ਨਾਲ ਮੇਰੇ ਮਨ ਉਪੱਰ ਉਹ ਸਦਮਾ ਹੋਇਆ ਕਿ ਮੈਂ ਵਰਨਣ ਨਹੀਂ ਕਰ ਸਕਦਾ । ਲਗਭਗ ਰਾਤ ਦੇ ਬਾਰ੍ਹਾਂ ਵਜੇ ਦਾ ਸਮਾਂ ਸੀ ਕਿ ਜੱਦ ਬੱਚੇ ਦੀ ਅਵਸਥਾ ਹੋਰ ਖ਼ਰਾਬ ਹੋ ਗਈ ਅਤੇ ਮਨ ਵਿੱਚ ਖ਼ੌਫ਼ ਪੈਦਾ ਹੋਇਆ ਕਿ ਇਹ ਸਾਧਾਰਣ ਤਾਪ ਨਹੀਂ ਹੈ, ਇਹ ਹੋਰ ਹੀ ਬਲਾ ਹੈ, ਫਿਰ ਮੈਂ ਕੀ ਦਸੱਾਂ ਕਿ ਮੇਰੇ ਮਨ ਦੀ ਕੀ ਹਾਲਤ ਸੀ, ਰੱਬ ਨ ਕਰੇ ਜੇਕਰ ਬੱਚੇ ਦੀ ਮੌਤ ਹੋ ਗਈ ਤਾਂ ਜ਼ਾਲਮ ਸੁਭਾਵੀ ਲੋਕਾਂ ਨੂੰ ਸਚੱਾਈ ਲੁਕਾਉਣ ਲਈ ਬਹੁਤ ਸਮਾਨ ਹੱਥ ਲੱਗ ਜਾਏਗਾ । ਇਸੇ ਅਵਸਥਾ ਵਿੱਚ ਮੈਂ ਵੁਜ਼ੂ ਕੀਤਾ ਅਤੇ ਨਮਾਜ਼ ਲਈ ਖੜਾ ਹੋ ਗਿਆ ਅਤੇ ਨਮਾਜ਼ ਲਈ ਖੜੇ ਹੁੰਦਿਆਂ ਛੇਤੀ ਹੀ ਮੈਂਨੂੰ ਉਹ ਅਵਸਥਾ ਪ੍ਰਾਪਤ ਹੋ ਗਈ ਜੋ ਦੁਆ ਦੀ ਪਰਵਾਨਗੀ ਲਈ ਇਕ ਪ੍ਰਤਖ ਨਿਸ਼ਾਨੀ ਹੈ । ਮੈਂ ਉਸ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਜਿਸ ਦੇ ਕਬਜ਼ੇ ਵਿੱਚ ਮੇਰੀ ਜਾਨ ਹੈ ਕਿ ਅਜੇ ਮੈਂ ਕੇਵਲ ਤਿੰਨ

ਰਕਅਤਾਂ ਪੜ੍ਹ ਚੁੱਕਿਆ ਸੀ ਕਿ ਮੇਰੇ ਉਪੱਰ ਕਸ਼ਫ਼ੀ ਅਵਸਥਾ ਛਾ ਗਈ ਅਤੇ ਮੈਂ ਕਸ਼ਫ਼ੀ ਦ੍ਰਿਸ਼ ਨਾਲ ਦੇਖਿਆ ਕਿ ਲੜਕਾ ਬਿਲਕੁਲ ਠੀਕ ਹੈ ਫਿਰ ਉਹ ਕਸ਼ਫ਼ੀ ਅਵਸਥਾ ਜਾਂਦੀ ਰਹੀ ਅਤੇ ਮੈਂ ਦੇਖਿਆ ਕਿ ਲੜਕਾ ਹੋਸ਼ ਵਿੱਚ ਚਾਰਪਾਈ'ਤੇ ਬੈਠਾ ਪਾਣੀ ਮੰਗ ਰਿਹਾ ਹੈ ਅਤੇ ਮੈਂ ਚਾਰ ਰਕਅਤਾਂ ਪੂਰੀਆਂ ਕਰ ਚੁਕਾ ਸੀ । ਝੱਟ ਉਸ ਨੂੰ ਪਾਣੀ ਦਿਤੱਾ ਅਤੇ ਸ਼ਰੀਰ ਉਪੱਰ ਹੱਥ ਲਾਕੇ ਦੇਖਿਆ ਤਾਂ ਤਾਪ ਦਾ ਨਾਂ ਨਿਸ਼ਾਨ ਨਹੀਂ ਸੀ ।"

(ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 87-88, ਹਕੀਕਾਤੁਲ ਵਹੀ ਪੰਨਾ 85-86)

"21ਵਾਂ ਨਿਸ਼ਾਨ : ਇਹ ਕਿ ਸਮਾਂ ਲਗਭਗ ਤੀਹ ਸਾਲ ਦਾ ਹੋਇਆ ਹੈ ਜੱਦ ਮੇਰੇ ਪਿਤਾ ਜੀ ਰੱਬ ਉਹਨਾਂ ਨੂੰ ਆਪਣੀਆਂ ਰਹਿਮਤਾਂ ਵਿੱਚ ਅਸਥਾਨ ਬਖਸ਼ੇ ਆਪਣੀ ਅਖੀਰੀ ਉਮਰ ਵਿੱਚ ਬਿਮਾਰ ਹੋਏ ਤਾਂ ਜਿਸ ਦਿਨ ਉਹਨਾ ਦੀ ਮੌਤ ਮੁਕਦੱਰ ਸੀ ਦੁਪਹਿਰ ਸਮੇਂ ਮੈਂਨੂੰ ਇਲਹਾਮ ਹੋਇਆ (وَالسَّمَاءِ وَالطَّارِق) 'ਵਸੱਮਾਇ ਵਤੱਾਰਿਕਿ' ਨਾਲ ਹੀ ਮਨ ਵਿੱਚ ਪਾਇਆ ਗਿਆ ਕਿ ਇਹ ਉਹਨਾਂ ਦੀ ਮੌਤ ਵੱਲ ਸੰਕੇਤ ਹੈ ਅਤੇ ਇਸ ਦੇ ਇਹੋ ਅਰਥ ਹਨ ਕਿ ਸਹੁੰ ਹੈ ਆਕਾਸ਼ ਦੀ ਅਤੇ ਸਹੁੰ ਹੈ ਉਸ ਘਟਨਾ ਦੀ ਜੋ ਸੂਰਜ ਦੇ ਡੁਬੱਣ ਬਾਦ ਹੋਵੇਗੀ। ਇਹ ਰੱਬ ਵੱਲੋਂ ਆਪਣੇ ਬੰਦੇ ਲਈ ਸੋਗ ਦਿਲਾਸਾ ਸੀ । ਫਿਰ ਮੈਂ ਸਮਝ ਲਿਆ ਕਿ ਮੇਰੇ ਪਿਤਾ ਜੀ ਸੂਰਜ ਡੁਬੱਣ ਦੇ ਬਾਦ ਸਵਰਗ ਸਿਧਾਰ ਜਾਣਗੇ ਅਤੇ ਕਈ ਲੋਕਾਂ ਨੂੰ ਇਸ ਇਲਹਾਮ ਦੀ ਸੂਚਨਾ ਦਿੱਤੀ ਗਈ ਅਤੇ ਮੈਂਨੂੰ ਰੱਬ ਦੀ ਸਹੁੰ ਹੈ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਅਤੇ ਜਿਸ'ਤੇ ਝੂਠ ਬੋਲਣਾ ਇਕ ਸ਼ੈਤਾਨ ਤੇ ਲਾਨ੍ਹਤੀ ਦਾ ਕੰਮ ਹੈ ਕਿ ਅਜਿਹਾ ਹੀ ਪ੍ਰਕਟ ਹੋਇਆ ।"

(ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 218, ਹਕੀਕਾਤੁਲ ਵਹੀ ਪੰਨਾ 209)

"ਫਿਰ ਉਸੇ ਸਮੇਂ ਊਂਘ ਜਿਹੀ ਅਵਸਥਾ ਹੋਕੇ ਇਹ ਦੂਜਾ ਇਲਹਾਮ ਹੋਇਆ (أَلَيْسَ اللّٰهُ بِكَافٍ عَبْدَهُ) 'ਅਲੈਸਲੱਾਹੁ ਬਿਕਾਫ਼ਿਨ ਅਬਦੁਹੂ' ਅਰਥਾਤ

'ਕੀ ਰੱਬ ਆਪਣੇ ਬੰਦੇ ਲਈ ਬਹੁਤ ਨਹੀਂ ਹੈ' । ਇਸ ਇਲਹਾਮ ਦੇ ਨਾਲ ਹੀ ਦਿਲ ਐਨ੍ਹਾ ਮਜ਼ਬੂਤ ਹੋ ਗਿਆ ਕਿ ਜਿਵੇਂ ਕਿ ਸਖ਼ਤ ਪੀੜਾਦਾਇਕ ਜ਼ਖ਼ਮ ਮਰਹਮ ਲਾਉਣ ਨਾਲ ਇਕ ਵਾਰ'ਚ ਠੀਕ ਹੋ ਜਾਂਦਾ ਹੈ । ਵਾਸਤਵ ਵਿੱਚ ਇਸ ਗੱਲ ਦਾ ਵਾਰ ਵਾਰ ਪ੍ਰੀਖਣ ਕੀਤਾ ਗਿਆ ਹੈ ਕਿ ਇਲਾਹੀ ਕਲਾਮ ਵਿੱਚ ਦਿਲ ਦੀ ਤਸੱਲੀ ਦੇਣ ਲਈ ਇਹ ਵਿਅਕਤੀਗੱਤ ਗੁਣ ਹੈ ਅਤੇ ਇਸ ਗੁਣ ਦੀ ਜੜ੍ਹ ਉਹ ਵਿਸ਼ਵਾਸ ਹੈ ਜੋ ਇਲਾਹੀ ਵਹੀ ਉਪੱਰ ਹੋ ਜਾਂਦਾ ਹੈ । ਦੁੱਖ ਇਸ ਗੱਲ ਦਾ ਹੈ ਕਿ ਇਹਨਾਂ ਲੋਕਾਂ ਦੇ ਇਲਹਾਮ ਕਿਹੋ ਜਿਹੇ ਹਨ ਕਿ ਇਲਹਾਮ ਦਾ ਦਾਵਾ ਕਰਨ ਦੇ ਬਾਦ ਵੀ ਇਹ ਕਹਿੰਦੇ ਹਨ ਕਿ ਇਹ ਸਾਡੇ ਇਲਹਾਮ ਗੁਮਾਨੀ ਗਲੱਾਂ ਹਨ, ਨਹੀਂ ਪਤਾ ਕਿ ਇਹ ਸ਼ੈਤਾਨੀ ਹਨ ਜਾਂ ਰਹਿਮਾਨੀ, ਅਜਿਹੇ ਇਲਹਮਾਂ ਦਾ ਹਾਣ ਉਹਨਾਂ ਦੇ ਲਾਭ ਤੋਂ ਬਹੁਤਾ ਹੈ, ਪਰ ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੈਂ ਇਹਨਾਂ ਇਲਹਾਮਾਂ ਉਪੱਰ ਉਸੇ ਪ੍ਰਕਾਰ ਇਮਾਨ ਰਖੱਦਾ ਹਾਂ ਜਿਵੇਂ ਕੁਰਆਨ ਕਰੀਮ ਉਪੱਰ ਅਤੇ ਰੱਬ ਦੀਆਂ ਦੂਜੀਆਂ ਕਿਤਾਬਾਂ ਉਪੱਰ ਅਤੇ ਜਿਵੇਂ ਕੁਰਆਨ ਕਰੀਮ ਨੂੰ ਯਕੀਨੀ ਤੇ ਨਿਸ਼ਚਿਤ ਰੂਪ ਵਿੱਚ ਰੱਬ ਦਾ ਕਲਾਮ ਸਮਝਦਾ ਹਾਂ ਉਸੇ ਪ੍ਰਕਾਰ ਉਸ ਕਲਾਮ ਨੂੰ ਵੀ ਜੋ ਮੇਰੇ ਉਪੱਰ ਨਾਜ਼ਲ ਹੁੰਦਾ ਹੈ ਰੱਬ ਦਾ ਕਲਾਮ ਯਕੀਨ ਕਰਦਾ ਹਾਂ।"

(ਰੁਹਾਨੀ ਖ਼ਜ਼ਾਇਨ ਭਾਗ 22, ਪੰਨਾ 219-220, ਹਕੀਕਾਤੁਲ ਵਹੀ ਪੰਨਾ 210-211)

"**105** : ਇਕ ਸੌ ਪੰਜਵਾਂ ਨਿਸ਼ਾਨ : ਇਕ ਵਾਰ ਮੇਰੇ ਭਾਈ ਸਵਰਗੀ ਮਿਰਜ਼ਾ ਗ਼ੁਲਾਮ ਕਾਦਰ ਸਾਹਬ ਬਾਰੇ ਮੈਂਨੂੰ ਸੁਪਨੇ ਵਿੱਚ ਦਿਖਾਇਆ ਗਿਆ ਕਿ ਉਹਨਾਂ ਦੇ ਜੀਨ ਦੇ ਹੁਣ ਥੋੜੇ ਦਿਨ ਰਹਿ ਗਏ ਹਨ, ਜੋ ਵੱਧ ਤੋਂ ਵੱਧ ਪੰਦਰਾਂ (15) ਦਿਨ ਹਨ । ਮਗਰੋਂ ਉਹ ਬਿਮਾਰ ਹੋ ਗਏ ਏਥੋਂ ਤੱਕ ਕਿ ਕੇਵਲ ਹੱਡੀਆਂ ਦਾ ਢਾਂਚਾ ਰਹਿ ਗਿਆ ਅਤੇ ਐਨ੍ਹੇ ਸੁੱਕ ਗਏ ਕਿ ਮੰਜੀ'ਤੇ ਪਏ ਮਲੂਮ ਨਹੀਂ ਹੁੰਦੇ ਸਨ ਕਿ ਕੋਈ ਹੈ ਜਾਂ ਮੰਜੀ ਖਾਲ੍ਹੀ ਹੈ ਪੇਸ਼ਾਬ ਪਖ਼ਾਨਾ ਵੀ ਉਪੱਰ ਹੀ ਨਿਕਲ ਜਾਂਦਾ ਸੀ ਅਤੇ ਮੂਰਛਾ ਜਿਹੀ ਰਹਿੰਦੀ ਸੀ । ਮੇਰੇ ਪਿਤਾ ਜੀ ਮਿਰਜ਼ਾ ਗ਼ੁਲਾਮ

ਮੁਰਤਜ਼ਾ ਸਾਹਬ ਚੰਗੇ ਮੰਨ੍ਹੇ ਹਕੀਮ ਸਨ ਉਹਨਾਂ ਨੇ ਕਹਿ ਦਿਤੱਾ ਕਿ ਹੁਣ ਇਹ ਅਵਸਥਾ ਨਿਰਾਸ਼ਾ ਤੇ ਕੁਝ ਦਿਨਾ ਦੀ ਹੈ ਕੁਝ ਦਿਨਾਂ ਦੀ ਗੱਲ ਹੈ । ਉਸ ਸਮੇਂ ਮੇਰੇ ਵਿੱਚ ਜਵਾਨੀ ਦੀ ਤਾਕਤ ਮੌਜੂਦ ਸੀ ਅਤੇ ਮੁਜਾਹਿਦੇ ਦੀ ਸ਼ਕਤੀ ਸੀ, ਮੇਰਾ ਸੁਭਾਵ ਅਜਿਹਾ ਬਣਿਆ ਕਿ ਮੈਂ ਹਰ ਇਕ ਗਲ ਲਈ ਰੱਬ ਨੂੰ ਕਾਦਰ ਜਾਣਦਾ ਹਾਂ ਅਤੇ ਵਾਸਤਵ ਵਿੱਚ ਉਸ ਦੀਆਂ ਕੁਦਰਤਾਂ ਦਾ ਅੰਤ ਕੋਣ ਪਾ ਸਕਦਾ ਹੈ ਅਤੇ ਉਸ ਅੱਗੇ ਕੋਈ ਗੱਲ ਅਣਹੋਣੀ ਨਹੀਂ ਸਿਵਾਏ ਉਹਨਾਂ ਗਲੱਾਂ ਦੇ ਜੋ ਉਸ ਦੇ ਵਾਦੇ ਦੇ ਵਿਪਰੀਤ ਜਾਂ ਉਸ ਦੀ ਪਵਿੱਤਰ ਸ਼ਾਨ ਦੇ ਖ਼ਿਲਾਫ਼ ਅਤੇ ਉਸ ਦੀ ਤੌਹੀਦ ਦੀ ਰੋਕ ਵਿੱਚ ਹਨ । ਇਸ ਲਈ ਮੈਂ ਇਸ ਅਵਸਥਾ ਵਿੱਚ ਵੀ ਦੁਆ ਕਰਨੀ ਸ਼ੁਰੂ ਕੀਤੀ ਅਤੇ ਮੈਂ ਦਿਲ ਵਿੱਚ ਧਾਰ ਲਿਆ ਕਿ ਇਸ ਦੁਆ ਰਾਹੀਂ ਤਿੰਨ ਗੱਲਾਂ ਵਿੱਚ ਆਪਣੀ ਮੁਆਰਫ਼ਤ (ਗਿਆਨ) ਵਿੱਚ ਵਾਧਾ ਕਰਨਾ ਚਾਹੁੰਦਾ ਹਾਂ । ਇਕ ਇਹ ਕਿ ਮੈਂ ਦੇਖਣਾ ਚਾਹੁੰਦਾ ਹਾਂ ਕਿ ਕੀ ਮੈਂ ਰੱਬ ਦੀ ਦਰਗਾਹ ਵਿੱਚ ਇਸ ਯੋਗ ਹਾਂ ਕਿ ਮੇਰੀ ਦੁਆ ਕੁਬੂਲ ਹੋ ਜਾਏ, ਦੂਜਾ ਇਹ ਕਿ ਕੀ ਸੁਪਨੇ ਅਤੇ ਇਲਹਾਮ ਜੋ ਵਾਦੇ ਦੇ ਰੂਪ ਵਿੱਚ ਆਉਂਦੇ ਹਨ ਉਹਨਾਂ ਵਿੱਚ ਦੇਰੀ ਵੀ ਹੋ ਸਕਦੀ ਹੈ ਜਾਂ ਨਹੀਂ, ਤੀਜਾ ਇਹ ਕਿ ਕੀ ਇਸ ਹੱਦ ਤੱਕ ਬਿਮਾਰ ਜਿਸ ਦਾ ਕੇਵਲ ਢਾਂਚਾ ਬਾਕੀ ਰਹਿ ਗਿਆ ਹੈ ਦੁਆ ਰਾਹੀਂ ਠੀਕ ਹੋ ਸਕਦਾ ਹੈ ਜਾਂ ਨਹੀਂ । ਭਾਵ ਇਹ ਕਿ ਮੈਂ ਇਸ ਉਦੇਸ਼ ਨਾਲ ਦੁਆ ਕਰਨੀ ਸ਼ੁਰੂ ਕੀਤੀ । ਸੋ, ਸਹੁੰ ਹੈ ਉਸ ਰੱਬ ਦੀ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਦੁਆ ਦੇ ਨਾਲ ਹੀ ਪਰਿਵਰਤਨ ਸ਼ੁਰੂ ਹੋ ਗਿਆ ਅਤੇ ਇਸ ਸਮੇਂ ਦੌਰਾਨ ਮੈਂ ਇਕ ਹੋਰ ਸੁਪਨੇ ਵਿੱਚ ਦੇਖਿਆ ਕਿ ਉਹ ਆਪਣੇ ਵਿਹੜੇ ਵਿੱਚ ਆਪਣੇ ਪੈਰ੍ਹਾਂ'ਤੇ ਚੱਲ ਰਹੇ ਹਨ ਜੱਦ ਕਿ ਅਵਸਥਾ ਇਹ ਸੀ ਕਿ ਦੂਜਾ ਵਿਅਕਤੀ ਉਹਨਾਂ ਦਾ ਪਾਸਾ ਪਰਤਦਾ ਸੀ । ਜੱਦ ਦੁਆ ਕਰਦਿਆਂ ਕਰਦਿਆਂ ਪੰਦਰ੍ਹਾਂ ਦਿਨ ਲੰਘ ਗਏ ਤਾਂ ਉਹਨਾਂ ਦੇ ਸਵਾਸਥ ਵਿੱਚ ਠੀਕ ਹੋਣ ਦੇ ਇਕ ਜ਼ਾਹਿਰੀ ਲਛੱਣ ਪੈਦਾ ਹੋਏ ਅਤੇ ਉਹਨਾਂ ਨੇ ਇਛੱਾ ਪ੍ਰਕਟ ਕੀਤੀ ਕਿ ਮੇਰਾ ਦਿਲ ਚਾਹੁੰਦਾ ਹੈ ਕਿ ਕੁਝ ਪੈਰ੍ਹ ਚਲੱਾਂ ਸੋ, ਉਹ ਕਿਸੇ ਦੇ ਸਹਾਰੇ ਨਾਲ ਉੱਠੇ ਅਤੇ ਸੋਟੇ ਦੇ ਸਹਾਰੇ ਨਾਲ ਚਲੱਣਾ ਸ਼ੁਰੂ ਕੀਤਾ

ਅਤੇ ਫਿਰ ਸੋਟਾ ਵੀ ਛੱਡ ਦਿੱਤਾ। ਕੁਝ ਦਿਨਾਂ ਤੱਕ ਪੂਰੇ ਠੀਕ ਹੋ ਗਏ ਅਤੇ ਇਸ ਦੇ ਬਾਦ ਪੰਦਰ੍ਹਾਂ ਸਾਲ ਤੱਕ ਜੀਉਂਦੇ ਰਹੇ ਅਤੇ ਫਿਰ ਫ਼ੌਤ ਹੋਏ ।''

(ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 265-266, ਹਕੀਕਾਤੁਲ ਵਹੀ ਪੰਨਾ 253-254)

''135ਵਾਂ ਨਿਸ਼ਾਨ : ਇਕ ਵਾਰ ਮਧੁਮੇਹ ਰੋਗ ਦੇ ਸਬਬ ਜੋ ਮੈਨੂੰ ਲਗਭਗ 20 ਸਾਲ ਤੋਂ ਹੈ ਅਖੱਾਂ ਦੀ ਦ੍ਰਿਸ਼ਟੀ ਬਾਰੇ ਬਹੁਤ ਸੰਦੇਹ ਹੋਇਆ ਕਿਉਂਕਿ ਅਜਿਹੇ ਰੋਗਾਂ ਵਿੱਚ ਮੋਤੀਆਬਿੰਦ ਦਾ ਬਹੁਤ ਖ਼ਤਰਾ ਹੁੰਦਾ ਹੈ । ਤੱਦ ਰੱਬ ਨੇ ਆਪਣੀ ਮਿਹਰ ਤੇ ਕ੍ਰਿਪਾ ਨਾਲ ਮੈਨੂੰ ਆਪਣੀ ਉਸ ਵਹੀ ਰਾਹੀਂ ਤਸੱਲੀ ਦਿੱਤੀ ਅਤੇ ਸ਼ਾਂਤੀ ਤੇ ਸਕੂਨ ਪ੍ਰਦਾਨ ਕੀਤਾ । ਉਹ ਵਹੀ ਇਹ ਹੈ (نزلت الرحمۃ علی ثلٰث۔ العین وعلی الأُخریین) ਨਜ਼ਲਤਰ ਰਹਮਾਤਾ ਅਲਾ ਸਲਾਸਿ, ਅਲਐਨਾ ਵ ਅਲਲ ਉਖ਼ਰੈਨਾ' ਅਰਥਾਤ ਤਿੰਨਾ ਅੰਗਾ ਉਪੱਰ ਰਹਿਮਤ ਉਤਾਰੀ ਗਈ ਇਕ ਅਖੱਾਂ'ਤੇ ਅਤੇ ਦੋ ਹੋਰ ਅੰਗ ਉਹਨਾਂ ਦੀ ਵਿਆਖਿਆ ਨਹੀਂ ਕੀਤੀ । ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਪੰਦਰ੍ਹਾਂ ਵੀਹ ਵਰ੍ਹੇ ਦੀ ਉਮੱਰ ਵਿੱਚ ਜੋ ਮੇਰੀ ਦ੍ਰਿਸ਼ਟੀ ਸੀ ਅਜਿਹੀ ਹੀ ਇਸ ਉਮਰ ਵਿੱਚ ਵੀ ਲਗਗ 70 ਵਰ੍ਹਿਆਂ ਨੂੰ ਪਹੁੰਚ ਗਈ ਹੈ, ਉਹੋ ਦ੍ਰਿਸ਼ਟੀ ਹੈ । ਸੋ, ਇਹ ਉਹੋ ਰਹਿਮਤ ਹੈ ਜਿਸ ਦਾ ਵਾਦਾ ਰੱਬ ਦੀ ਵਹੀ ਵਿੱਚ ਦਿੱਤਾ ਗਿਆ ਸੀ ।''

(ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 319, ਹਕੀਕਾਤੁਲ ਵਹੀ ਪੰਨਾ 306)

138ਵਾਂ ਨਿਸ਼ਾਨ : ਚੇਤੇ ਰਹੇ ਕਿ ਰੱਬ ਦੇ ਬੰਦਿਆਂ ਦੀ ਪ੍ਰਸਿੱਧੀ ਪਛਾਨਣ ਲਈ ਦੁਆ ਦਾ ਪ੍ਰਵਾਨ ਹੋਣਾ ਵੀ ਇਕ ਵਡੱਾ ਨਿਸ਼ਾਨ (ਚਮਤਕਾਰ) ਹੁੰਦਾ ਹੈ ਸਗੋਂ ਦੁਆ ਦੀ ਪਰਵਾਨਗੀ ਵਾਂਗ ਹੋਰ ਕੋਈ ਨਿਸ਼ਾਨ ਨਹੀਂ ਕਿਉਂਕਿ ਦੁਆ ਦੀ ਪਰਵਾਨਗੀ ਨਾਲ ਪ੍ਰਮਾਣਤ ਹੁੰਦਾ ਹੈ ਕਿ ਇਕ ਬੰਦੇ ਨੂੰ ਇਲਾਹੀ ਦਰ ਵਿੱਚ ਮਾਨ ਸਤਿਕਾਰ ਹੈ । ਜੱਦ ਕਿ ਦੁਆ ਦਾ ਪ੍ਰਵਾਨ ਹੋ ਜਾਣਾ ਹਰ ਥਾਂ ਲਾਜ਼ਮੀ ਨਹੀਂ ਕਦੇ ਕਦੇ ਰੱਬ ਆਪਣੀ ਮਰਜ਼ੀ ਵੀ ਕਰਦਾ ਹੈ । ਪਰ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਪ੍ਰਸਿੱਧੀ ਲਈ ਦੁਆ ਦੀ ਪਰਵਾਨਗੀ ਵੀ ਇਕ ਨਿਸ਼ਾਨੀ

ਹੈ ਕਿ ਦੂਜਿਆਂ ਦੀ ਤੁਲਨਾ ਵਿੱਚ ਉਹਨਾਂ ਦੀਆਂ ਦੁਆਵਾਂ ਬਹੁਤੀਆਂ ਪਰਵਾਨ ਹੁੰਦੀਆਂ ਹਨ ਅਤੇ ਕੋਈ ਵੀ ਉਹਨਾ ਦੀ ਦੁਆ ਦੀ ਪਰਵਾਨਗੀ ਵਿੱਚ ਮੁਕਾਬਲਾ ਨਹੀਂ ਕਰ ਸਕਦਾ ਅਤੇ ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੇਰੀਆਂ ਹਜ਼ਾਰਾਂ ਹੀ ਦੁਆਵਾਂ ਕੁਬੂਲ ਹੋਈਆਂ ਹਨ । ਜੇਕਰ ਮੈਂ ਸਾਰੀਆਂ ਲਿਖਾਂ ਤਾਂ ਇਕ ਬਹੁਤ ਵੱਡੀ ਕਿਤਾਬ ਬਣ ਜਾਵੇ ।"

(ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 334, ਹਕੀਕਾਤੁਲ ਵਹੀ ਨਿਸ਼ਾਨੇ ਸਦਾਕਤ, ਪੰਨਾ 321)

"ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਕਿ ਉਸੇ ਨੇ ਮੈਂਨੂੰ ਭੇਜਿਆ ਹੈ ਅਤੇ ਉਸੇ ਨੇ ਮੇਰਾ ਨਾਂ ਨਬੀ ਰੱਖਿਆ ਹੈ ਅਤੇ ਉਸੇ ਨੇ ਮੈਂਨੂੰ ਮਸੀਹ ਮਊਦ ਦੇ ਨਾਂ ਨਾਲ ਪੁਕਾਰਿਆ ਹੈ ਅਤੇ ਉਸ ਨੇ ਮੇਰੇ ਪ੍ਰਮਾਣ ਲਈ ਵੱਡੇ ਵੱਡੇ ਚਮਤਕਾਰ ਪ੍ਰਕਟ ਕੀਤੇ ਹਨ ਜੋ ਤਿੰਨ ਲੱਖ ਨੂੰ ਪਹੁੰਚਦੇ ਹਨ, ਜਿੰਨ੍ਹਾ ਵਿੱਚੋਂ ਕੁਝ ਨਮੂਨੇ ਲਈ ਇਸ ਕਿਤਾਬ ਵਿੱਚ ਵੀ ਲਿੱਖੇ ਗਏ ਹਨ।"

(ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 503, ਤਤਕਰਾ ਹਕੀਕੀਤੁਲ ਵਹੀ ਪੰਨਾ 68)

## "ਡਾਕਟਰ ਜਾਨ ਅਲੈਗਜ਼ੈਂਡਰ ਡੋਈ ਅਮਰੀਕਾ ਦਾ ਝੂਠਾ ਨਬੀ ਮੇਰੀ ਭਵਿੱਖਬਾਣੀ ਅਨੁਸਾਰ ਮਰ ਗਿਆ"

ਨਿਸ਼ਾਨ ਨੰਬਰ 196 : ਸਪਸ਼ਟ ਹੋਵੇ ਕਿ ਇਹ ਵਿਅਕਤੀ ਜਿਸਦਾ ਨਾਂ ਸਿਰਲੇਖ ਵਿੱਚ ਹੈ ਇਸਲਾਮ ਦਾ ਕਟੱੜ ਦੁਸ਼ਮਣ ਸੀ ਅਤੇ ਛੁੱਟ ਇਸਦੇ ਉਸ ਨੇ ਪੈਗ਼ੰਬਰੀ ਦਾ ਝੂਠਾ ਦਾਵਾ ਕੀਤਾ ਅਤੇ ਹਜ਼ਰਤ ਸਯੱਦੁਲ ਅੰਬਿਆ ਸੱਚਿਆਂ ਵਿੱਚੋਂ ਮਹਾ ਸਤਿਆਵਾਦੀ ਰਸੂਲਾਂ ਲਈ ਰਹਿਮਤ ਤੇ ਪਵਿੱਤਰ ਵਿਅਕਤੀਆਂ ਦੇ ਇਮਾਮ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਨੂੰ ਝੂਠਾ ਤੇ ਝੂਠ ਘੜਨ ਵਾਲਾ ਵਿਚਾਰ ਕਰਦਾ ਸੀ । ਅਤੇ ਆਪਣੀ ਦੁਸ਼ਟਤਾ ਕਰਕੇ ਗੰਦੀਆਂ ਗਾਲ੍ਹਾਂ ਅਤੇ ਅਸ਼ਲੀਲ ਸ਼ਬਦਾਂ ਦੀ ਵਰਤੋਂ ਕਰਦਾ ਸੀ । ਭਾਵ ਪਵਿੱਤਰ ਧਰਮ ਨਾਲ ਕੀਨਿ ਤੇ ਸਾੜੇ ਕਰਕੇ ਉਸ ਵਿੱਚ ਅਤਿਅੰਤ ਮਲੀਨ ਆਦਤਾਂ ਸਨ, ਜਿਵੇਂ

ਕਿ ਸੂਰਾਂ ਸਾਹਮਣੇ ਮੋਤੀਆਂ ਦਾ ਕੋਈ ਮਹਤੱਵ ਨਹੀਂ ਹੁੰਦਾ ਅਜਿਹਾ ਹੀ ਉਹ ਇਸਲਾਮ ਦੀ ਤੌਹੀਦ (ਇਕ ਈਸ਼ਵਰਵਾਦ) ਨੂੰ ਬਹੁਤ ਹੀ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦਾ ਸੀ ਅਤੇ ਇਸਦਾ ਵਿਨਾਸ਼ ਚਾਹੁੰਦਾ ਸੀ ਅਤੇ ਹਜ਼ਰਤ ਈਸਾ ਨੂੰ ਰੱਬ ਜਾਣਦਾ ਸੀ ਅਤੇ ਤਿੰਨ ਰੱਬ ਹੋਣ ਦੀ ਆਸਥਾ ਨੂੰ ਦੁਨੀਆ ਵਿੱਚ ਫੈਲਾਉਣ ਲਈ ਐਨ੍ਹਾ ਜੋਸ਼ ਰਖੱਦਾ ਸੀ ਕਿ ਮੈਂ ਬਾਵਜੂਦ ਇਸਦੇ ਕਿ ਸੈਂਕੜਿਆਂ ਪਾਦਰੀਆਂ ਦੀਆਂ ਕਿਤਾਬਾਂ ਦੇਖੀਆਂ ਹਨ ਪਰ ਅਜਿਹਾ ਜੋਸ਼ ਕਿਸੇ ਵਿੱਚ ਨਹੀਂ ਦੇਖਿਆ ।''

(ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 504-505, ਤਤਕਰਾ ਹਕੀਕਾਤੁਲ ਵਹੀ ਪੰਨਾ 69)

''ਕਿਉਂਕਿ ਮੇਰਾ ਅਸਲ ਕੰਮ ਸਲੀਬ ਤੋੜਨਾ ਹੈ, ਸੋ, ਉਸ ਦੇ ਮਰਨ ਨਾਲ ਸਲੀਬ ਦਾ ਇਕ ਵਡੱਾ ਭਾਗ ਟੁੱਟ ਗਿਆ, ਕਿਉਂਕਿ ਉਹ ਪੂਰੇ ਵਿਸ਼ਵ ਵਿੱਚ ਪਹਿਲੇ ਦਰਜੇ ਦਾ ਸਲੀਬ ਦਾ ਸਮਰਥਕ ਸੀ ਜੋ ਪੈਗ਼ੰਬਰ ਹੋਣ ਦਾ ਦਾਵਾ ਕਰਦਾ ਸੀ ਅਤੇ ਕਹਿੰਦਾ ਸੀ ਕਿ ਮੇਰੀ ਦੁਆ ਨਾਲ ਸਾਰੇ ਮੁਸਲਮਾਨ ਤਬਾਹ ਹੋ ਜਾਣਗੇ ਅਤੇ ਇਸਲਾਮ ਮਿੱਟ ਜਾਏਗਾ ਅਤੇ ਖ਼ਾਨਾ ਕਾਬਾ ਉਜੱੜ ਜਾਵੇਗਾ । ਇਸ ਕਰਕੇ ਰੱਬ ਨੇ ਮੇਰੇ ਰਾਹੀਂ ਉਸ ਦਾ ਵਿਨਾਸ਼ ਕੀਤਾ । ਮੈਂ ਜਾਣਦਾ ਹਾਂ ਕਿ ਉਸ ਦੀ ਮੌਤ ਨਾਲ 'ਕਤਲੇ ਖ਼ੰਜ਼ੀਰ' (ਸੂਰ ਦਾ ਵੱਧ ਕਰਨ) ਵਾਲੀ ਭਵਿੱਖਬਾਣੀ ਬਹੁਤ ਸਪਸ਼ਟਤਾ ਨਾਲ ਪੂਰੀ ਹੋ ਗਈ । ਕਿਉਂਕਿ ਅਜਿਹੇ ਵਿਅਕਤੀ ਤੋਂ ਵੱਧ ਖ਼ਤਰਨਾਕ ਕੌਣ ਹੋ ਸਕਦਾ ਹੈ ਜਿਸ ਨੇ ਝੂਠੇ ਤੌਰ'ਤੇ ਪੈਗੰਬਰੀ ਦਾ ਦਾਵਾ ਕੀਤਾ ਅਤੇ ਸੂਰ ਵਾਂਗ ਝੂਠ ਦਾ ਗੰਦ ਖਾਧਾ ਅਤੇ ਜਿਵੇਂ ਕਿ ਉਹ ਆਪ ਲਿਖੱਦਾ ਹੈ ਉਸ ਨਾਲ ਇਕ ਲੱਖ ਦੇ ਲਗਭਗ ਅਜਿਹੇ ਲੋਕ ਹੋ ਗਏ ਸਨ ਜੋ ਬਹੁਤ ਧੰਨਵਾਨ ਸਨ ਸਗੋਂ ਸੱਚ ਇਹ ਹੈ ਕਿ 'ਮੁਸੈਲਮਾ ਕਜ਼ੱਾਬ' ਅਤੇ 'ਅਸਵਦ ਅੰਸੀ' ਦਾ ਵੁਜੂਦ ਉਸ ਦੇ ਟਾਕਰੇ'ਤੇ ਕੁਝ ਵੀ ਨਹੀਂ ਸੀ । ਨ ਉਹਨਾਂ ਦੀ ਇਸ ਪ੍ਰਕਾਰ ਪ੍ਰਸਿੱਧੀ ਸੀ ਅਤੇ ਨ ਇਸ ਪ੍ਰਕਾਰ ਕਰੋੜ੍ਹਾਂ ਰੁਪਏ ਦੇ ਉਹ ਮਾਲਕ ਸਨ । ਸੋ, ਮੈਂ ਸਹੁੰ ਖਾਕੇ ਕਹਿੰਦਾ ਹਾਂ ਕਿ ਇਹ ਉਹੋ 'ਖ਼ੰਜ਼ੀਰ' (ਸੂਰ)

ਸੀ ਜਿਸ ਦੇ ਕਤਲ ਦੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਖ਼ਬਰ ਦਿੱਤੀ ਸੀ ਕਿ ਮਸੀਹ ਮੌਊਦ ਦੇ ਹੱਥੀਂ ਮਾਰਿਆ ਜਾਵੇਗਾ ।''

(ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 513, ਤਤਕਰਾ ਹਕੀਕਾਤੁਲ ਵਹੀ ਪੰਨਾ 77)

## ਤੀਜੀ ਵਾਰ ਤਿੰਨ ਹਜ਼ਾਰ ਰੁਪਏ ਦਾ ਇਸ਼ਤਿਹਾਰੀ ਪੁਰਸਕਾਰ

ਆਥਮ ਬਾਰੇ ਆਪ ਫ਼ਰਮਾਉਂਦੇ ਹਨ ਕਿ :

''ਉਹ ਸਾਧਾਰਣ ਲੋਕਾਂ ਦੇ ਇਕੱਠ ਵਿੱਚ ਸਾਡੀ ਹਾਜ਼ਰੀ ਸਮੇਂ ਇਹਨਾ ਸਾਫ਼ ਤੇ ਸਪਸ਼ਟ ਸ਼ਬਦਾਂ ਵਿੱਚ ਸਹੁੰ ਖਾ ਜਾਣ ਕਿ ਮੈਂ ਭਵਿੱਖਬਾਣੀ ਦੀ ਮਿਆਦ ਵਿੱਚ ਇਸਲਾਮ ਵੱਲ ਇਕ ਰਤਾ ਵੀ ਨਹੀਂ ਪਰਤਿਆ ਅਤੇ ਨ ਹੀ ਇਸਲਾਮ ਦੀ ਸਚੱਾਈ ਅਤੇ ਵੱਡਿਆਈ ਨੇ ਮੇਰੇ ਮਨ ਵਿੱਚ ਕੋਈ ਡਰ ਦਾ ਪ੍ਰਭਾਵ ਪਾਇਆ ਹੈ ਅਤੇ ਨ ਹੀ ਇਸਲਾਮ ਦੀ ਭਵਿੱਖਬਾਣੀ ਦੇ ਆਤਮਕ ਖ਼ੌਫ ਨੇ ਮੇਰੇ ਦਿਲ ਨੂੰ ਇਕ ਰਤਾ ਵੀ ਫੜਿਆ ਹੈ ਸਗੋਂ ਮੈਂ ਮਸੀਹ ਦੀ ਖ਼ੁਦਾਈ, ਉਸ ਦੇ ਪੁਤੱਰ ਹੋਣ ਤੇ ਕਫ਼ੱਾਰੇ ਉਪੱਰ ਪੂਰਾ ਵਿਸ਼ਵਾਸ ਰਖੱਦਾ ਰਿਹਾ ਅਤੇ ਜੇਕਰ ਮੈਂ ਸਚੱਾਈ ਦੇ ਵਿਰੁਧ ਕਹਿੰਦਾ ਹਾਂ ਅਤੇ ਸਚੱਾਈ ਨੂੰ ਲੁਕਾਉਂਦਾਂ ਹਾਂ ਤਾਂ ਹੇ, ਸਰਬ ਸ਼ਕਤੀਮਾਨ ਖ਼ੁਦਾ ! ਮੈਂਨੂੰ ਇਕ ਸਾਲ ਦੇ ਅੰਦਰ ਅਜਿਹੀ ਮੌਤ ਦੇ ਅਜ਼ਾਬ (ਪ੍ਰਕੋਪ) ਨਾਲ ਨਸ਼ਟ ਭਰਸ਼ਟ ਕਰ ਜੋ ਝੂਠਿਆਂ ਉਪੱਰ ਉਤਰਨਾ ਚਾਹੀਦਾ ਹੈ । ਇਹ ਸਹੁੰ ਹੈ ਜਿਸ ਦੀ ਅਸੀਂ ਉਹਨਾਂ ਤੋਂ ਮੰਗ ਕਰਦੇ ਹਾਂ ਅਤੇ ਜਿਸ ਦੇ ਲਈ ਅਸੀਂ ਇਸ਼ਤਿਹਾਰ ਪ੍ਰਕਾਸ਼ਤ ਕਰਦਿਆਂ ਕਰਦਿਆਂ ਅੱਜ ਤਿੰਨ ਹਜ਼ਾਰ ਤੱਕ ਪਹੁੰਚੇ ਹਾਂ । ਅਸੀਂ ਹਲਫ਼ੀਆ ਕਹਿੰਦੇ ਹਾਂ ਕਿ ਅਸੀਂ ਕਾਨੂਨੀ ਤੋਰ'ਤੇ ਅਰਥਾਤ ਸ਼ਰਤਾਂ ਅਨੁਸਾਰ 9 ਸਤੰਬਰ 1894 ਈ. ਨੂੰ ਦਸਤਾਵੇਜ਼ ਲਿਖਵਾਕੇ ਇਹ ਤਿੰਨ ਹਜ਼ਾਰ ਰੁਪਏ ਸਹੁੰ ਖਾਣ ਤੋਂ ਪਹਿਲਾਂ ਦੇ ਦਿਆਂਗੇ ਅਤੇ ਬਾਦ ਵਿੱਚ ਸਹੁੰ ਚੁਕਾਵਾਂਗੇ ......, ਕੀ ਕਿਸੇ ਨੂੰ ਆਸ ਹੈ ਕਿ ਉਹ ਸਹੁੰ ਖਾਣ ਲਈ ਮੈਦਾਨ ਵਿੱਚ ਆਉਣਗੇ, ਉਕੱਾ ਹੀ

ਨਹੀਂ, ਉੱਕਾ ਹੀ ਨਹੀਂ । ਉਹ ਤਾਂ ਝੂਠ ਦੀ ਮੌਤ ਮਰ ਗਏ ਹੁਣ ਕਬਰ ਵਿਚੋਂ ਕਿਵੇਂ ਨਿਕਲਣ ।''

(ਮਜਮੂਆ ਇਸ਼ਤਿਹਾਰਾਤ ਭਾਗ ਦੂਜਾ ਪੰਨ੍ਹਾ 64-66, ਛਾਪਾ ਅਲ ਸ਼ਿਰਕਾਤੁਲ ਇਸਲਾਮੀਆ ਰਬਵਾਹ, ਇਨਾਮੀ ਇਸ਼ਤਿਹਾਰ ਤਿੰਨ ਹਜ਼ਾਰ ਪੰਨਾ 203 ਤੀਜੀ ਵਾਰ)

# ਤਜੱਲੀਯਾਤਿ ਇਲਾਹੀਯਹ

## (ਰੱਬੀ ਚਮਤਕਾਰ)

''ਇਹ ਹਨ ਸਾਡੇ ਵਿਰੁਧ ਮੌਲਵੀਆਂ ਦੇ ਇਤਰਾਜ਼ ਜਿੰਨ੍ਹਾ ਨੇ ਕੁਰਆਨ ਕਰੀਮ ਤੇ ਹਦੀਸਾਂ ਦੇ ਗਿਆਨ ਨੂੰ ਪੜ੍ਹਕੇ ਡੋਬ ਦਿਤੱਾ । ਹੁਣ ਤੱਕ ਉਹਨਾਂ ਨੂੰ ਨਹੀਂ ਪਤਾ ਕਿ ਤਾੜਨਾ ਦੇ ਵਾਦੇ ਦੀ ਭਵਿੱਖਬਾਣੀ ਤੇ ਵਾਦੇ ਦੀ ਭਵਿੱਖਬਾਣੀ ਵਿੱਚ ਕੀ ਅੰਤਰ ਹੈ ?

... ਆਥਮ ਦੀ ਘਟਨਾ ਜੋ ਭਵਿੱਖਬਾਣੀ ਲੇਖਰਾਮ ਬਾਰੇ ਸੀ ਜਿਸ ਨਾਲ ਕੋਈ ਵੀ ਸ਼ਰਤ ਨਹੀਂ ਸੀ ਅਤੇ ਜਿਸ ਵਿੱਚ ਸਪਸ਼ਟ ਰੂਪ ਵਿੱਚ ਸਮਾਂ ਤੇ ਮੌਤ ਦੀ ਪ੍ਰਕਾਰ ਦੱਸੀ ਹੋਈ ਸੀ ਇਸ'ਤੇ ਗ਼ੌਰ ਕਰਦੇ ਕਿ ਕਿੰਨ੍ਹੀ ਸਪਸ਼ਟਤਾ ਨਾਲ ਉਹ ਪੂਰੀ ਹੋਈ, ਪਰ ਕੌਣ ਗ਼ੌਰ ਕਰੇ, ਜੱਦ ਮਨ ਪੱਖਪਾਤ ਕਰਕੇ ਅੰਨ੍ਹੇ ਹੋ ਗਏ ਹੋਣ ਅਤੇ ਜੇਕਰ ਇਕ ਰਤਾ ਵੀ ਮਨ ਵਿੱਚ ਨਿਆਏ ਹੁੰਦਾ ਤਾਂ ਇਕ ਅਤਿਅੰਤ ਸੌਖਾ ਤਰੀਕਾ ਉਹਨਾ ਲਈ ਸੀ ਕਿ ਜਿੰਨ੍ਹਾ ਭਵਿੱਖਬਾਣੀਆਂ ਦੇ ਪੂਰਾ ਨ ਹੋਣ'ਤੇ ਉਹਨਾਂ ਨੂੰ ਇਤਰਾਜ਼ ਹੈ ਉਹ ਲਿਖੱਕੇ ਮੇਰੇ ਸਾਹਮਣੇ ਪੇਸ਼ ਕਰਦੇ ਕਿ ਉਹ ਕਿੰਨ੍ਹੀਆਂ ਹਨ ਅਤੇ ਫਿਰ ਮੇਰੇ ਕੋਲੋਂ ਇਸ ਗੱਲ ਦਾ ਸਬੂਤ ਲੈਂਦੇ ਕਿ ਉਹ ਭਵਿੱਖਬਾਣੀਆਂ ਜੋ ਪੂਰੀਆਂ ਹੋ ਗਈਆਂ ਹਨ ਉਹ ਕਿੰਨ੍ਹੀਆਂ ਹਨ, ਤਾਂ ਇਸ ਪ੍ਰੀਖਿਆ ਵਿੱਚ ਉਹਨਾਂ ਦੇ ਸਾਰੇ ਪਰਦੇ ਖੁੱਲ੍ਹ ਜਾਂਦੇ ਅਤੇ ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਸੰਭਾਵਤ ਇਤਰਾਜ਼ ਉਹਨਾਂ ਕੋਲ ਕੇਵਲ ਇਕ ਦੋ ਤਾੜਨਾ

ਵਾਲੀਆਂ ਭਵਿੱਖਬਾਣੀਆਂ ਹਨ ਜਿੰਨ੍ਹਾ ਨਾਲ ਸ਼ਰਤਾਂ ਲੱਗੀਆਂ ਹੋਈਆਂ ਹਨ ਜਿੱਨ੍ਹਾ ਵਿੱਚ ਖ਼ੌਫ਼ ਤੇ ਡਰ ਦੇ ਸਬਬ ਦੇਰੀ ਹੋ ਗਈ । ਅਤੇ ਜਿੰਨ੍ਹਾ ਬਾਰੇ ਰੱਬ ਦਾ ਆਦਿ ਦਾ ਨੀਯਮ ਹੈ ਕਿ ਉਹ ਤੌਬਾ (ਪਸ਼ਚਾਤਾਪ), ਅਸਤਗ਼ਫ਼ਾਰ (ਖਿਮਾ ਯਾਚਨਾ), ਸਦਕਾ (ਦਾਨ ਪੁੰਨ) ਅਤੇ ਦੁਆਵਾਂ ਨਾਲ ਟਲ ਸਕਦੀਆਂ ਹਨ ।''

(ਰੂਹਾਨੀ ਖ਼ਜ਼ਾਇਨ ਭਾਗ 20, ਪੰਨਾ 406-408, ਤਜੱਲੀਯਾਤਿ ਇਲਾਹੀਯਹ ਪੰਨਾ 17-19)

''ਮੇਰੇ ਭੋਲੇ ਵਿਰੋਧੀਆਂ ਨੂੰ ਰੱਬ ਦਿਨ ਪ੍ਰਤੀਦਿਨ ਭਿੰਨ ਭਿੰਨ ਪ੍ਰਕਾਰ ਦੇ ਨਿਸ਼ਾਨ ਦਿਖਾਕੇ ਅਪਮਾਨਤ ਕਰਦਾ ਜਾਂਦਾ ਹੈ ਅਤੇ ਮੈਂ ਉਸੇ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਜਿਵੇਂ ਕਿ ਉਸ ਨੇ ਇਬਰਾਹੀਮ ਨਾਲ ਕਲਾਮ ਕੀਤਾ ਅਤੇ ਫਿਰ ਇਸਹਾਕ[ਅ.ਸ.] ਨਾਲ ਫਿਰ ਇਸਮਾਈਅਲ[ਅ.ਸ.] ਨਾਲ, ਯਾਕੂਬ[ਅ.ਸ.] ਨਾਲ, ਮੂਸਾ[ਅ.ਸ.] ਅਤੇ ਮਸੀਹ[ਅ.ਸ.] ਇਬਨੇ ਮਰਯੱਮ ਨਾਲ ਅਤੇ ਸਭ ਤੋਂ ਬਾਦ ਸਾਡੇ ਨਬੀ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਅਜਿਹਾ ਵਾਰਤਾਲਾਪੀ ਹੋਇਆ ਕਿ ਆਪ[ਸ.ਅ.ਵ.] ਉਪੱਰ ਸਭ ਤੋਂ ਵੱਧ ਰੋਸ਼ਨ ਤੇ ਪਾਕ ਵਹੀ ਨਾਜ਼ਲ ਹੋਈਆਂ ਅਜਿਹਾ ਹੀ ਉਸ ਨੇ ਮੈਨੂੰ ਵੀ ਆਪਣੇ ਕਲਾਮ ਨਾਲ ਨਿਵਾਜਿਆ, ਪਰ ਇਹ ਸੁਭਾਗ ਮੈਨੂੰ ਕੇਵਲ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਕਰਕੇ ਹਾਸਲ ਹੋਇਆ । ਜੇਕਰ ਮੈਂ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਉਮੱਤ ਵਿੱਚੋਂ ਨ ਹੁੰਦਾ ਅਤੇ ਆਪ ਦੀ ਪੈਰ੍ਹਵੀ ਨ ਕਰਦਾ ਤਾਂ ਜੇਕਰ ਦੁਨੀਆਂ ਦੇ ਸਾਰੇ ਪਹਾੜਾਂ ਦੇ ਬਰਾਬਰ ਮੇਰੇ ਕਰਮ ਹੁੰਦੇ ਤਾਂ ਵੀ ਮੈਂ ਇਹ ਕਲਾਮ ਦਾ ਸੁਭਾਗ ਉਕੱਾ ਹੀ ਪ੍ਰਾਪਤ ਨ ਕਰ ਸਕਦਾ ਕਿਉਂਕਿ ਹੁਣ ਕੇਵਲ ਮੁਹਮੱਦੀ ਨਬੁਵੱਤ ਤੋਂ ਬਿਨਾ ਸਾਰੀਆਂ ਨਬੁਵੱਤਾਂ ਬੰਦ ਹਨ । ਸ਼ਰੀਅਤ ਵਾਲਾ ਨਬੀ ਕੋਈ ਨਹੀਂ ਆ ਸਕਦਾ ਅਤੇ ਬਿਨਾ ਸ਼ਰੀਅਤ ਦੇ ਨਬੀ ਹੋ ਸਕਦਾ ਹੈ ਪਰ ਉਹੋ ਜੋ ਪਹਿਲਾਂ ਉਮੱਤੀ ਹੋਵੇ।''

(ਰੂਹਾਨੀ ਖ਼ਜ਼ਾਇਨ ਭਾਗ 20, ਪੰਨਾ 411-412, ਤਜੱਲੀਯਾਤਿ ਇਲਾਹੀਯਹ ਪੰਨਾ 24-25)

# ਸਿਰਾਜੇ ਮੁਨੀਰ

''ਸਾਡੇ ਮਨ ਦੀ ਇਸ ਸਮੇਂ ਅਦਭੁਤ ਅਵਸਥਾ ਹੈ, ਪੀੜਾ ਵੀ ਹੈ ਤੇ ਖ਼ੁਸ਼ੀ ਵੀ । ਪੀੜ੍ਹਾ ਇਸ ਲਈ ਕਿ ਜੇਕਰ ਲੇਖਰਾਮ ਮੁੜ੍ਹ ਜਾਂਦਾ ਬਹੁਤਾ ਨਹੀਂ ਕੇਵਲ ਐਨ੍ਹਾ ਹੀ ਕਰਦਾ ਕਿ ਆਪਣੇ ਕੁਬੋਲਾਂ ਤੋਂ ਮੁੜ੍ਹ ਜਾਂਦਾ ਤਾਂ ਮੈਂਨੂੰ ਰੱਬ ਦੀ ਸਹੁੰ ਹੈ ਕਿ ਮੈਂ ਉਸ ਲਈ ਦੁਆ ਕਰਦਾ ਅਤੇ ਮੈਂ ਆਸ ਰਖੱਦਾ ਸੀ ਕਿ ਜੇਕਰ ਉਹ ਟੋਟੇ ਟੋਟੇ ਵੀ ਕੀਤਾ ਜਾਂਦਾ ਤਾਂ ਵੀ ਜੀਉਂਦਾ ਹੋ ਜਾਂਦਾ । ਉਹ ਰੱਬ ਜਿਸ ਨੂੰ ਮੈਂ ਜਾਣਦਾ ਹਾਂ ਉਸ ਲਈ ਕੋਈ ਗੱਲ ਵੀ ਅਣਹੋਣੀ ਨਹੀਂ ਅਤੇ ਖ਼ੁਸ਼ੀ ਇਸ ਗੱਲ ਦੀ ਹੈ ਕਿ ਪੇਸ਼ਗੋਈ (ਭਵਿੱਖਬਾਣੀ) ਅਤਿਅੰਤ ਪ੍ਰਤਖ ਰੂਪ ਵਿੱਚ ਪੂਰੀ ਹੋਈ ।''

(ਰੂਹਾਨੀ ਖ਼ਜ਼ਾਇਨ ਭਾਗ 12, ਪੰਨਾ 28, ਸਿਰਾਜੇ ਮੁਨੀਰ ਪੰਨਾ 24)

''ਬਾਰ੍ਹਵੀਂ ਪੇਸ਼ਗੋਈ ਜੋ ਬ੍ਰਾਹੀਨ ਅਹਮਦੀਆ ਦੇ ਪੰਨਾ 238 ਤੇ 239 ਵਿੱਚ ਲਿੱਖੀ ਹੈ ਕੁਰਆਨ ਦਾ ਗਿਆਨ ਹੈ ਉਸ ਭਵਿੱਖਬਾਣੀ ਦਾ ਸਾਰ ਇਹ ਹੈ ਕਿ ਰੱਬ ਫ਼ਰਮਾਉਂਦਾ ਹੈ ਕਿ ਤੈਨੂੰ ਕੁਰਆਨ ਕਰੀਮ ਦਾ ਗਿਆਨ ਦਿਤੱਾ ਗਿਆ ਹੈ ਅਜਿਹਾ ਗਿਆਨ ਜੋ ਝੂਠ ਨੂੰ ਨਸ਼ਟ ਕਰੇਗਾ ਅਤੇ ਇਸ ਭਵਿੱਖਬਾਣੀ ਵਿੱਚ ਫ਼ਰਮਾਇਆ ਕਿ ਦੋ ਇਨਸਾਨ ਹਨ ਜਿੰਨ੍ਹਾ ਨੂੰ ਬਹੁਤ ਬਰਕਤ ਦਿੱਤੀ ਗਈ ਹੈ ਇਕ ਉਹ ਅਧਿਆਪਕ (ਅਧਿਆਤਮਕ ਗੁਰੂ) ਜਿਸ ਦਾ ਨਾਂ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਹੈ ਅਤੇ ਇਕ ਇਹ ਵਿਦਿਆਰਥੀ (ਅਧਿਆਤਮਕ ਚੇਲਾ) ਅਰਥਾਤ ਇਸ ਕਿਤਾਬ ਦਾ ਲਿਖੱਣ ਵਾਲਾ ਅਤੇ ਇਹ ਇਸ ਆਇਤ ਵੱਲ ਵੀ ਸੰਕੇਤ ਹੈ ਜੋ ਕੁਰਆਨ ਕਰੀਮ ਵਿੱਚ ਜਲਾਲ ਵਾਲਾ ਰੱਬ ਫ਼ਰਮਾਉਂਦਾ ਹੈ :

وَآخَرِينَ مِنْهُمْ لَمَّا يَلْحَقُوا بِهِمْ

'ਵ ਆਖ਼ਰੀਨਾ ਮਿਨਹੁਮ ਲਮੱਾ ਯਲਹਕੂ ਬਿਹਿਮ'

ਅਰਥਾਤ ਉਸ ਨਬੀ ਦੇ ਹੋਰ ਵੀ ਚੇਲੇ ਹਨ ਜੋ ਹੁਣ ਤੱਕ ਪ੍ਰਕਟ ਨਹੀਂ ਹੋਏ ਅਤੇ ਅੰਤਮ ਯੁੱਗ ਵਿੱਚ ਉਹਨਾਂ ਦਾ ਪ੍ਰਗਟਾਵਾ ਹੋਵੇਗਾ । ਇਹ ਆਇਤ ਇਸੇ ਨਿਮਾਣੇ ਵੱਲ ਸੰਕੇਤ ਸੀ ਕਿਉਕਿ ਜਿਵੇਂ ਕਿ ਹੁਣ ਇਲਹਾਮ ਵਿਚ ਵਰਨਣ ਹੋ ਚੁਕਿਆ ਹੈ ਇਹ ਨਿਮਾਣਾ ਰੂਹਾਨੀ ਤੌਰ'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸ਼ਗਿਰਦਾਂ (ਚੇਲਿਆਂ) ਵਿੱਚੋਂ ਹੈ ਅਤੇ ਇਹ ਭਵਿੱਖਬਾਣੀ ਜੋ ਕੁਰਆਨ ਕਰੀਮ ਦੀ ਸਿੱਖਿਆ ਵੱਲ ਸੰਕੇਤ ਕਰਦੀ ਹੈ ਇਸ ਦੇ ਪ੍ਰਮਾਣ ਲਈ ਕਿਤਾਬ 'ਕਰਾਮਾਤੁਸੱਾਦਿਕੀਨ' ਲਿਖੀ ਗਈ ਸੀ ਜਿਸ ਵੱਲ ਕਿਸੇ ਵਿਰੋਧੀ ਨੇ ਮੂੰਹ ਨਹੀਂ ਕੀਤਾ ਅਤੇ ਮੈਂਨੂੰ ਰੱਬ ਦੀ ਸਹੁੰ ਹੈ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਕਿ ਮੈਂਨੂੰ ਕੁਰਆਨ ਕਰੀਮ ਦੀ ਸਚੱਾਈ ਤੇ ਮਆਰਫ਼ਤ (ਅਧਿਆਤਮਕਤਾ) ਨੂੰ ਸਮਝਣ ਵਿੱਚ ਹਰ ਇਕ ਰੂਹ'ਤੇ ਗ਼ਲਬਾ ਬਖ਼ਸ਼ਿਆ ਗਿਆ ਹੈ ਅਤੇ ਜੇਕਰ ਕੋਈ ਮੌਲਵੀ ਵਿਰੋਧੀ ਮੇਰੇ ਮੁਕਾਬਲੇ'ਤੇ ਆਉਂਦਾ ਹੈ ਜਿਵੇਂ ਕਿ ਮੈਂ ਕੁਰਆਨ ਕਰੀਮ ਦੀ ਵਿਆਖਿਆ ਲਈ ਵਾਰ ਵਾਰ ਉਹਨਾ ਨੂੰ ਬੁਲਾਇਆ ਤਾਂ ਰੱਬ ਉਹਨਾਂ ਨੂੰ ਅਪਮਾਨਤ ਤੇ ਸ਼ਰਮਿੰਦਿਆਂ ਕਰਦਾ । ਸੋ, ਕੁਰਆਨ ਕਰੀਮ ਦਾ ਗਿਆਨ ਜੋ ਮੈਂਨੂੰ ਦਿੱਤਾ ਗਿਆ ਹੈ ਇਹ ਉਸ ਜਲਾਲ ਵਾਲੇ ਰੱਬ ਦਾ ਇਕ ਨਿਸ਼ਾਨ ਹੈ ।"

ਰੂਹਾਨੀ ਖ਼ਜ਼ਾਇਨ ਭਾਗ 12, ਪੰਨਾ 40-41, ਸਿਰਾਜੇ ਮੁਨੀਰ ਪੰਨਾ 34-35)

ਬ੍ਰਾਹੀਨ ਅਹਮਦੀਆ ਦੇ ਪੰਨਾ 227 ਵਿੱਚ ਇਕ ਆਰਿਆ ਬਾਰੇ ਇਕ ਪੇਸ਼ਗੋਈ ਹੈ ਜਿਸ ਦਾ ਨਾਂ ਮਲਾਵਾਮਲ ਹੈ । ਉਹ ਹੁਣ ਤੱਕ ਜੀਉਂਦਾ ਹੈ ਇਹ ਵਿਅਕਤੀ ਤਪੇਦਿਕ (ਟੀਬੀ) ਦੇ ਰੋਗ ਵਿੱਚ ਗ੍ਰਿਸਤ ਹੋ ਗਿਆ ਸੀ, ਇਕ ਦਿਨ ਉਹ ਮੇਰੇ ਕੋਲ ਆਣਕੇ ਅਤੇ ਆਪਣੇ ਜੀਵਨ ਤੋਂ ਨਿਰਾਸ਼ ਹੋਕੇ ਬਹੁਤ ਬੇਕਰਾਰੀ ਨਾਲ ਰੋਣ ਲਗੱਾ ਅਤੇ ਮੈਂਨੂੰ ਚੇਤੇ ਹੈ ਕਿ ਉਸ ਦਿਨ ਉਸ ਨੇ ਭਿਆਨਕ ਸੁਪਨਾ ਵੀ ਦੇਖਿਆ ਸੀ ਜਿੱਥੋਂ ਤੱਕ ਮੈਂਨੂੰ ਚੇਤੇ ਹੈ ਸੁਪਨਾ ਇਹ ਸੀ ਕਿ ਉਸ ਨੂੰ ਇਕ ਵਿਸ਼ੈਲੇ ਸੱਪ ਨੇ ਕੱਟਿਆ ਹੈ ਅਤੇ ਸਾਰੇ ਸ਼ਰੀਰ ਵਿੱਚ ਵਿਸ਼ ਫੈਲ ਗਿਆ ਹੈ । ਇਸ ਸੁਪਨੇ ਨੇ ਉਸ ਨੂੰ ਅਤਿਅੰਤ ਦੁਖੀ ਕਰ ਦਿੱਤਾ ਸੀ ਅਤੇ ਪਹਿਲਾਂ ਤੋਂ ਇਕ

ਤਾਪ ਜੋ ਖਾਣਾ ਖਾਣ ਦੇ ਬਾਦ ਤੇਜ਼ ਹੋ ਜਾਂਦਾ ਸੀ ਬਹੁਤ ਬੇ ਚੈਨੀ ਵਿੱਚ ਪਾਇਆ ਹੋਇਆ ਸੀ ਇਸ ਲਈ ਉਹ ਬਹੁਤ ਬੇਕਰਾਰੀ ਤੇ ਲਗਭਗ ਨਿਰਾਸ਼ਾ ਦੀ ਅਵਸਥਾ ਵਿੱਚ ਸੀ ਅਤੇ ਉਹ ਮੇਰੇ ਕੋਲ ਆਣਕੇ ਰੋਇਆ, ਇਸ ਲਈ ਮੇਰਾ ਦਿਲ ਉਸ ਦੀ ਹਾਲਤ ਦੇਖਕੇ ਨਰਮ ਹੋ ਗਿਆ ਅਤੇ ਮੈਂ ਰੱਬ ਦੀ ਹਜ਼ੂਰੀ ਵਿੱਚ ਇਸ ਆਰੀਆ ਦੇ ਪੱਖ ਵਿੱਚ ਦੁਆ ਕੀਤੀ, ਜਿਵੇਂ ਕਿ ਇਸ ਤੋਂ ਪਹਿਲਾਂ ਇਕ ਆਰੀਆ ਦੇ ਪੱਖ ਵਿੱਚ ਦੁਆ ਕੀਤੀ ਸੀ ਜਿਸ ਦਾ ਨਾਂ ਸ਼ਰਮਪੱਤ ਹੈ । ਉਸ ਸਮੇਂ ਮੈਂਨੂੰ ਇਲਹਾਮ ਹੋਇਆ ਜੋ ਬ੍ਰਾਹੀਨ ਅਹਮਦੀਆ ਦੇ ਪੰਨਾ 227 ਵਿੱਚ ਹੈ ( قُلْنَا يَانَارُ كُوْنِيْ بَرْدًا وَّسَلَامًا ) 'ਕੁਲਨਾ ਯਾ ਨਾਰੁਕੂਨੀ ਬਰਦੰਵ ਵ ਸਲਾਮਾ' ਅਰਥਾਤ ਅਸੀਂ ਤਾਪ ਦੀ ਅੱਗ ਨੂੰ ਕਿਹਾ ਕਿ ਠੰਡ ਤੇ ਸਲਾਮਤੀ ਹੋਵੇ, ਸੋ, ਉਸੇ ਸਮੇਂ ਉਸ ਨੂੰ ਜੋ ਓਥੇ ਮੌਜੂਦ ਸੀ ਇਸ ਇਲਹਾਮ ਦੀ ਖ਼ਬਰ ਦਿੱਤੀ ਗਈ ਅਤੇ ਲੋਕਾਂ ਨੂੰ ਸੂਚਨਾ ਦਿੱਤੀ ਗਈ ਕਿ ਉਹ ਅਵਸ਼ ਹੀ ਮੇਰੀ ਦੁਆ ਦੀ ਬਰਕਤ ਕਰਕੇ ਸਵਸਥ ਹੋ ਜਾਵੇਗਾ, ਸੋ, ਕੁਝ ਦਿਨਾਂ ਬਾਦ ਅਜੇ ਹਫ਼ਤਾ ਵੀ ਨਹੀਂ ਲੰਘਿਆ ਹੋਵੇਗਾ ਕਿ ਉਹ ਆਰੀਆ ਰੱਬ ਦੀ ਮਿਹਰ ਨਾਲ ਸਵਸਥ ਹੋ ਗਿਆ।

...... ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਇਹ ਗੱਲ ਪੂਰਨਤਾ ਸੱਚੀ ਹੈ ਅਤੇ ਇਕ ਰੱਤੀ ਵੀ ਇਸ ਵਿੱਚ ਰਲਾ ਨਹੀਂ ਹੈ ।"

(ਰੂਹਾਨੀ ਖ਼ਜ਼ਾਇਨ ਭਾਗ 12, ਪੰਨਾ 62, ਸਿਰਾਜੇ ਮੁਨੀਰ ਪੰਨਾ 53-54)

ਅਸੀਂ ਜੱਦ ਨਿਆ ਦੀ ਦ੍ਰਿਸ਼ਟੀ ਨਾਲ ਦੇਖਦੇ ਹਾਂ ਤਾਂ ਸਾਰਿਆਂ ਨਬੀਆਂ ਦੀ ਲੜੀ ਵਿੱਚ ਸਰਬਉੱਤਮ ਮਹਾਪੁਰਖ ਤੇ ਜੀਉਂਦਾ ਅਤੇ ਰੱਬ ਦਾ ਅਤਿ ਪਿਆਰਾ ਨਬੀ ਕੇਵਲ ਇਕ ਮਰਦ ਨੂੰ ਜਾਣਦੇ ਹਾਂ ਅਰਥਾਤ ਉਹੋ ਜੋ ਨਬੀਆਂ ਦਾ ਸਰਦਾਰ ਰਸੂਲਾਂ ਦਾ ਫ਼ਖ਼ਰ, ਸਾਰਿਆਂ ਪੈਗੰਬਰਾਂ ਦਾ ਸਰਤਾਜ ਜਿਸ ਦਾ ਨਾਂ ਮੁਹੱਮਦ ਮੁਸਤਫ਼ਾ ਅਹਮਦੇ ਮੁਜਤਬਾ ਸਲਲੱਾਹੁ ਅਲੈਹਿ ਵਸਲਮ ਹੈ ਜਿਸਦੀ ਛਤਰ ਛਾਇਆ ਵਿੱਚ ਕੇਵਲ ਦੱਸ ਦਿਨ ਚਲੱਣ ਨਾਲ ਉਹ ਰੋਸ਼ਨੀ ਮਿਲਦੀ ਹੈ ਜੋ ਪਹਿਲਾਂ ਇਸ ਤੋਂ ਹਜ਼ਾਰਾਂ ਸਾਲਾਂ ਤੱਕ ਨਹੀਂ ਮਿਲ ਸਕਦੀ ਸੀ, ਉਹ ਕਿਹੋ

ਜਿਹੀਆਂ ਕਿਤਾਬਾਂ ਹਨ ਜੋ ਸਾਨੂੰ ਵੀ ਜੇਕਰ ਅਸੀਂ ਇਹਨਾਂ ਦੇ ਅਧੀਨ ਹੋਈਏ ਤਾਂ ਭ੍ਰਿਸ਼ਟ, ਧਿਕੱਾਰਿਆ ਤੇ ਕਾਲਾ ਦਿਲ ਕਰਨਾ ਚਾਹੁੰਦੀਆਂ ਹਨ । ਕੀ ਇਹਨਾਂ ਨੂੰ ਜੀਉਂਦੀ ਨਬੁਵੱਤ ਆਖਣਾ ਚਾਹੀਦਾ ਹੈ ਜਿੰਨ੍ਹਾ ਦੀ ਪਰਛਾਈਂ ਵਿੱਚ ਅਸੀਂ ਆਪ ਮੁਰਦਾ ਹੋ ਜਾਂਦੇ ਹਨ ਨਿਸ਼ਚੇ ਜਾਣੋ ਕਿ ਇਹ ਸਾਰੇ ਮੁਰਦੇ ਹਨ, ਕੀ ਮੁਰਦੇ ਨੂੰ ਮੁਰਦਾ ਰੋਸ਼ਨੀ ਦੇ ਸਕਦਾ ਹੈ । ਯਿਸੂ ਦੀ ਪੂਜਾ ਕਰਨਾ ਕੇਵਲ ਇਕ ਬੁੱਤ ਦੀ ਪੂਜਾ ਕਰਨਾ ਹੈ । ਮੈਂਨੂੰ ਸਹੁੰ ਹੈ ਉਸ ਵੁਜੂਦ ਦੀ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਕਿ ਜੇਕਰ ਉਹ ਮੇਰੇ ਯੁੱਗ ਵਿੱਚ ਹੁੰਦਾ ਤਾਂ ਉਸ ਨੂੰ ਨਿਮ੍ਰਤਾ ਨਾਲ ਮੇਰੀ ਗਵਾਹੀ ਦੇਣੀ ਪੈਂਦੀ ਕੋਈ ਇਸ ਨੂੰ ਮੰਨ੍ਹੇ ਜਾਂ ਨ ਮੰਨ੍ਹੇ ਪਰ ਸੱਚ ਇਹੋ ਹੈ ਅਤੇ ਸੱਚ ਵਿੱਚ ਬਰਕਤ ਹੈ ਕਿ ਅਖੀਰ ਉਸ ਦਾ ਪ੍ਰਕਾਸ਼ ਸੰਸਰ ਵਿੱਚ ਪਸਰਦਾ ਹੈ ।"

(ਰੂਹਾਨੀ ਖ਼ਜ਼ਾਇਨ ਭਾਗ 12, ਪੰਨਾਂ 82, ਸਿਰਾਜੇ ਮੁਨੀਰ ਪੰਨਾ 72-73)

# ਬਰਕਾਤੁਦੁੱਆ

"ਇਸ ਸਮੇਂ ਮੈਂ ਕੇਵਲ ਰੱਬ ਖ਼ਾਤਰ ਆਪਣੀ ਗਵਾਹੀ ਸਯੱਦ ਸਾਹਬ ਦੀ ਸੇਵਾ ਵਿੱਚ ਪੇਸ਼ ਕਰਦਾ ਹਾਂ ਕਿ ਸ਼ਾਇਦ ਖ਼ੁਦਾ ਤਆਲਾ ਉਹਨਾ'ਤੇ ਆਪਣੀ ਕ੍ਰਿਪਾ ਕਰੇ । ਸੋ, ਹੇ! ਪਿਆਰੇ ਸਯੱਦ !! ਮੈਂਨੂੰ ਉਸ ਰੱਬ ਦੀ ਸਹੁੰ ਹੈ ਕਿ ਇਹ ਗੱਲ ਵਾਸਤਵ ਵਿੱਚ ਠੀਕ ਹੈ ਕਿ ਵਹੀਏ ਇਲਾਹੀ ਅਕਾਸ਼ ਤੋਂ ਦਿਲ ਉਪੱਰ ਅਜਿਹੀ ਡਿੱਗਦੀ ਹੈ ਕਿ ਜਿਵੇਂ ਕਿ ਸੂਰਜ ਦੀਆਂ ਕਿਰਣਾਂ ਕੰਧ ਉਪੱਰ । ਮੈਂ ਪ੍ਰਤੀਦਿਨ ਦੇਖਦਾ ਹਾਂ ਕਿ ਜੱਦ ਇਲਾਹੀ ਕਲਾਮ ਦਾ ਸਮਾਂ ਆਉਂਦਾ ਹੈ ਤਾਂ ਅਵੱਲ ਤਾਂ ਇਕ ਅਜਿਹੀ ਅਵਸਥਾ ਛਾ ਜਾਂਦੀ ਹੈ ਕਿ ਮੈਂ ਇਕ ਬਦਲੀ ਹੋਈ ਚੀਜ਼ ਵਾਂਗ ਹੋ ਜਾਂਦਾ ਹਾਂ ਅਤੇ ਮੇਰੀ ਸੰਵੇਦਨਾ, ਮੇਰੇ ਅੰਗ, ਮੇਰੀ ਸੂਝ ਬੂਝ ਅਤੇ ਹੋਸ਼ ਆਖਣ ਨੂੰ ਤਾਂ ਬਾਕੀ ਹੁੰਦਾ ਹੈ ਪਰ ਉਸ ਸਮੇਂ ਮੈਂ ਆਪਣੇ ਆਪ ਨੂੰ ਦੇਖਦਾ ਹਾਂ ਕਿ ਕਿਸੇ ਸ਼ਕਤੀਸ਼ਾਲੀ ਵਜੂਦ ਨੇ ਮੇਰੇ ਸਾਰੇ ਵੁਜੂਦ ਨੂੰ ਆਪਣੀ ਮੁੱਠੀ ਵਿੱਚ

ਕਰ ਲਿਆ ਹੈ ਅਤੇ ਉਸ ਸਮੇਂ ਮੈਂ ਅਨੁਭਵ ਕਰਦਾ ਹਾਂ ਕਿ ਮੇਰੇ ਸਾਰੇ ਵਜੂਦ ਦੀਆਂ ਸਾਰੀਆਂ ਰਗਾਂ ਉਸਦੇ ਹੱਥ ਵਿੱਚ ਹਨ ਅਤੇ ਜੋ ਕੁਝ ਮੇਰਾ ਹੈ ਉਹ ਹੁਣ ਮੇਰਾ ਨਹੀ ਸਗੋਂ ਉਸਦਾ ਹੈ ।''

(ਰੂਹਾਨੀ ਖ਼ਜ਼ਾਇਨ ਭਾਗ 6 ਪੰਨ੍ਹਾ 22, ਬਕੀਆ ਹਾਸ਼ੀਆ ਬਰਕਾਤੁਦੁੱਆ ਪੰਨ੍ਹਾ 18)

''ਅਖ਼ੀਰ ਵਿੱਚ ਮੈਂ ਹਰ ਇਕ ਮੁਸਲਮਾਨ ਦੀ ਸੇਵਾ ਵਿੱਚ ਨਸੀਹਤ ਵੱਜੋਂ ਕਹਿੰਦਾ ਹਾਂ ਕਿ ਇਸਲਾਮ ਲਈ ਜਾਗੋ ਕਿ ਇਸਲਾਮ ਸਖ਼ਤ ਫ਼ਸਾਦਾਂ ਵਿੱਚ ਘਿਰਿਆ ਹੈ ਇਸ ਦੀ ਮਦਦ ਕਰੋ ਕਿ ਇਹ ਹੁਣ ਗ਼ਰੀਬ ਹੈ ਅਤੇ ਮੈਂ ਇਸੇ ਲਈ ਆਇਆ ਹਾਂ ਅਤੇ ਮੈਂਨੂੰ ਰੱਬ ਨੇ ਕੁਰਆਨ ਕਰੀਮ ਦਾ ਗਿਆਨ ਬਖ਼ਸ਼ਿਆ ਹੈ ਅਤੇ ਸਚੱਾਈਆਂ ਤੇ ਮਆਰਫ਼ ਆਪਣੀ ਇਸ ਕਿਤਾਬ ਦੀਆਂ ਮੇਰੇ ਉਪੱਰ ਖੋਲੀਆਂ ਹਨ ਅਤੇ ਚਮਤਕਾਰ ਮੈਂਨੂੰ ਪ੍ਰਦਾਨ ਕੀਤੇ ਗਏ ਹਨ । ਸੋ ਮੇਰੇ ਵੱਲ ਆਓ ਤਾਂ ਜੋ ਤੁਸੀਂ ਵੀ ਉਸ ਵਿੱਚੋਂ ਹਿਸੱਾ ਪਾਓ । ਮੈਂਨੂੰ ਸਹੁੰ ਹੈ ਉਸ ਜ਼ਾਤ (ਵਜੂਦ) ਦੀ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਕਿ ਮੈਂ ਰੱਬ ਵੱਲੋਂ ਭੇਜਿਆ ਗਿਆ ਹਾਂ । ਕੀ ਜ਼ਰੂਰੀ ਨਹੀਂ ਸੀ ਕਿ ਮਹਾਂ ਫ਼ਸਾਦਾਂ ਨਾਲ ਭਰੀ ਅਜਿਹੀ ਸਦੀ ਜਿਸ ਦੀਆਂ ਪ੍ਰਤਖ ਮੁਸੀਬਤਾਂ ਹਨ ਦੇ ਸਿਰੇ'ਤੇ ਇਕ 'ਮੁਜਦੱਦ' ਪ੍ਰਤਖ ਚਮਤਕਾਰਾਂ ਦੇ ਦਾਵੇ ਨਾਲ ਆਉਂਦਾ । ਸੋ, ਛੇਤੀ ਹੀ ਤੁਸੀਂ ਮੈਂਨੂੰ ਮੇਰੇ ਕੰਮਾ ਕਰਕੇ ਸ਼ਨਾਖ਼ਤ ਕਰੋਗੇ ।''

(ਰੂਹਾਨੀ ਖ਼ਜ਼ਾਇਨ ਭਾਗ 6 ਪੰਨ੍ਹਾ 36, ਬਰਕਾਤੁਦੁੱਆ ਪੰਨ੍ਹਾ 31)

# ਸਨਾਤਨ ਧਰਮ

"ਜੇਕਰ ਮੌਲਵੀ ਅਹਮਦ ਹਸਨ ਇਸ ਇਸ਼ਤਿਹਾਰ ਦੇ ਪ੍ਰਕਾਸ਼ਤ ਹੋਣ ਦੇ ਬਾਦ ਜਿਸਨੂੰ ਉਹੁ ਸਹੁੰ ਖਾਕੇ ਪ੍ਰਕਾਸ਼ਤ ਕਰੇਗਾ, ਅਮਰੋਹਾ ਨੂੰ ਤਾਊਨ (ਪਲੇਗ) ਤੋਂ ਬਚਾ ਸਕਿਆ ਅਤੇ ਘੱਟੋ ਘੱਟ ਤਿੰਨ ਸਰਦੀਆਂ ਅਮਨ ਨਾਲ ਲੰਘ ਗਈਆਂ ਤਾਂ ਮੈਂ ਰੱਬ ਵੱਲੋਂ ਨਹੀਂ । ਸੋ, ਇਸ ਤੋਂ ਵਧੱਕੇ ਹੋਰ ਕੀ ਫ਼ੈਸਲਾ ਹੋਵੇਗਾ। ਅਤੇ ਮੈਂ ਵੀ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੈਂ ਮਸੀਹ ਮੌਊਦ ਹਾਂ ਅਤੇ ਉਹੋ ਹਾਂ ਜਿਸ ਦਾ ਨਬੀਆਂ ਨੇ ਵਾਅਦਾ ਦਿਤੱਾ ਹੈ ਅਤੇ ਮੇਰੇ ਬਾਰੇ ਅਤੇ ਮੇਰੇ ਯੁੱਗ ਬਾਰੇ ਤੌਰੈਤ, ਇੰਜੀਲ ਤੇ ਕੁਰਆਨ ਕਰੀਮ ਵਿੱਚ ਖ਼ਬਰ ਮੌਜੂਦ ਹੈ ਕਿ ਉਸ ਸਮੇਂ ਅਕਾਸ਼'ਤੇ ਸੂਰਜ ਚੰਨ੍ਹ ਗ੍ਰਹਿਣ (ਮਿਥੀਆਂ ਮਿਤੀਆਂ ਵਿੱਚ) ਹੋਵੇਗਾ ਅਤੇ ਧਰਤੀ'ਤੇ ਤਾਊਨ (ਪਲੇਗ ਦਾ ਪ੍ਰਕੋਪ) ਪਵੇਗਾ ਅਤੇ ਮੇਰਾ ਇਹੋ ਨਿਸ਼ਾਨ ਹੈ ।"

(ਰੂਹਾਨੀ ਖ਼ਜ਼ਾਇਨ ਭਾਗ 19, ਪੰਨ੍ਹਾ 238, ਦਾਫ਼ਿਉਲ ਬਲਾ ਤੇ ਮਿਆਰ ਅਹਿਲੇ ਇਸਤਿਫ਼ਾ ਸਿਰਲੇਖ ਤਾਊਨ ਪੰਨ੍ਹਾ 18)

"ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਇਹੋ ਗੱਲ ਸੱਚੀ ਹੈ ਕਿ ਰੱਬ ਦਾ ਕਲਾਮ ਸਮਝਣ ਲਈ ਅਵੱਲ ਤਾਂ ਮਨ ਨੂੰ ਨਫ਼ਸਾਨੀ ਜੋਸ਼ ਤੋਂ ਪਾਕ ਬਨਾਉਣਾ ਚਾਹੀਦਾ ਹੈ ਫਿਰ ਰੱਬ ਵੱਲੋਂ ਮਨ'ਤੇ ਰੌਸ਼ਨੀ ਉਤਰੇਗੀ । ਬਿਨਾ ਆਂਤਰਕ ਰੌਸ਼ਨੀ ਦੇ ਅਸਲ ਹਕੀਕਤ ਦਿਖਾਈ ਨਹੀਂ ਦਿੰਦੀ । ਜਿਵੇਂ ਕਿ ਰੱਬ ਕੁਰਆਨ ਕਰੀਮ ਵਿੱਚ ਫ਼ਰਮਾਉਦਾ ਹੈ । ( لَا يَمَسُّهُۥٓ إِلَّا ٱلْمُطَهَّرُونَ ) 'ਲਾ ਯਮੁਸੁੱਹੂ ਇਲੱਲਮੁਤਹਰੂਨ' ਅਰਥਾਤ ਇਹ ਪਾਕ ਕਲਾਮ ਹੈ ਜੱਦ ਤੱਕ ਕੋਈ ਪਾਕ ਨ ਹੋ ਜਾਵੇ ਉਹ ਇਸ ਦੇ ਗੁੱਝੇ ਭੇਦਾਂ ਤੱਕ ਨਹੀਂ ਪਹੁੰਚੇਗਾ ।"

(ਰੂਹਾਨੀ ਖ਼ਜ਼ਾਇਨ ਭਾਗ 9, ਪੰਨਾ473-474, ਸਨਾਤਨ ਧਰਮ ਪੰਨਾ 6)

# ਹਾਸ਼ੀਆ ਅਰਬਾਈਨ

"ਅਫ਼ਸੋਸ ਕਿ ਗਿਆਨ ਦੇ ਨਿਸ਼ਾਨ ਦੇ ਟਾਕਰੇ ਵਿੱਚ ਨਾਦਾਨ ਲੋਕਾਂ ਨੇ ਪੀਰ ਮਿਹਰ ਅਲੀ ਸ਼ਾਹ ਗੋਲੜਵੀ ਬਾਰੇ ਐਂਵੇ ਹੀ ਝੂਠੀ ਜਿੱਤ ਦਾ ਨਗਾਰਾ ਵਜਾ ਦਿਤੱਾ ਅਤੇ ਮੈਂਨੂੰ ਗੰਦੀਆਂ ਗਾਲ੍ਹਾਂ ਕੱਢੀਆਂ ਅਤੇ ਮੈਂਨੂੰ ਉਸ ਦੇ ਟਾਕਰੇ'ਤੇ ਜਾਹਲ ਤੇ ਨਾਦਾਨ ਦੱਸਿਆ, ਭਾਵ ਮੈਂ ਇਸ ਨਿਡਰ ਵਾਰ ਤੇ ਸਮੇਂ ਦੀ ਘਟਾ ਦੇ ਰੁਹਬ ਹੇਠ ਆਣਕੇ ਡਰ ਗਿਆ ਵਰਨਾ ਉਹ ਤਾਂ ਸੱਚੇ ਮਨ ਨਾਲ ਟਾਕਰੇ'ਤੇ ਅਰਬੀ ਤਫ਼ਸੀਰ (ਵਿਆਖਿਆ) ਲਿਖੱਣ ਲਈ ਤਿਆਰ ਹੋ ਗਏ ਸਨ ਅਤੇ ਇਸੇ ਨੀਯਤ ਨਾਲ ਲਹੌਰ ਆਏ ਸਨ, ਪਰ ਮੈਂ ਆਪਦੀ ਜਲਾਲੀ ਸ਼ਾਨ ਅਤੇ ਪ੍ਰਤਾਪ ਨੂੰ ਦੇਖਕੇ ਭੱਜ ਗਿਆ, ਹੇ ਆਕਾਸ਼, ਝੂਠਿਆਂ ਉਪੱਰ ਲਾਨ੍ਹਤ ਪਾ, ਆਮੀਨ (ਹੇ ਰੱਬਾ ਪਰਵਾਨ ਕਰ) । ਪਿਆਰੇ ਸਰੋਤਿਓ, ਝੂਠੇ ਨੂੰ ਅਪਮਾਨਤ ਕਰਨ ਲਈ ਉਸੇ ਸਮੇਂ ਜੋ 7 ਦਸੰਬਰ 1900 ਈ. ਸ਼ੁਕਰਵਾਰ ਦਾ ਦਿਨ ਹੈ ਰੱਬ ਨੇ ਮੇਰੇ ਮਨ ਵਿੱਚ ਇਕ ਗੱਲ ਪਾਈ ਅਤੇ ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਜਿਸਦਾ ਨਰਕ ਝੂਠਿਆਂ ਲਈ ਭੜਕ ਰਿਹਾ ਹੈ ਕਿ ਮੈਂ ਬਹੁਤ ਝੂਠ ਨੂੰ ਦੇਖਕੇ ਆਪ ਇਸ ਵਿਲਖੱਣ ਮੁਕਾਬਲੇ ਲਈ ਬਿਨਤੀ ਕੀਤੀ ਸੀ । ਜੇਕਰ ਮਿਹਰ ਅਲੀ ਸ਼ਾਹ ਸਾਹਬ ਸ਼ਾਸਤਰੀ ਬਹਿਸ ਅਤੇ ਉਸ ਨਾਲ ਬੈਅਤ ਦੀ ਸ਼ਰਤ ਪੇਸ਼ ਨ ਕਰਦੇ ਜਿਸ ਨਾਲ ਮੇਰਾ ਉਦੇਸ਼ ਪੂਰਨਤਾ ਖ਼ਤਮ ਹੋ ਗਿਆ ਸੀ ਤਾਂ ਜੇਕਰ ਲਹੌਰ ਤੇ ਕਾਦੀਆਂ ਵਿੱਚ ਬਰਫ਼ ਦੇ ਪਹਾੜ ਵੀ ਹੁੰਦੇ ਅਤੇ ਠੰਡ ਦੇ ਦਿਨ ਹੁੰਦੇ ਤਾਂ ਮੈਂ ਫਿਰ ਵੀ ਲਹੌਰ ਪਹੁੰਚਦਾ ਅਤੇ ਉਹਨਾਂ ਨੂੰ ਦਿਖਾਉਂਦਾ ਕਿ ਅਕਾਸ਼ੀ ਨਿਸ਼ਾਨ ਕਿਸ ਨੂੰ ਕਹਿੰਦੇ ਹਨ ।"

(ਰੂਹਾਨੀ ਖ਼ਜ਼ਾਇਨ ਭਾਗ 18 ਪੰਨਾ 448,449, ਹਾਸ਼ੀਆ ਅਰਬਾਈਨ ਨੰ 4, ਪੰਨਾ 17-18)

# ਜ਼ਮੀਮਾ ਰਸਾਲਾ ਅੰਜਾਮੇ ਆਥਮ

"ਸੋ, ਇਕ ਸੰਜਮੀ ਮਨੁੱਖ ਲਈ ਇਹ ਬਹੁਤ ਸੀ ਕਿ ਰੱਬ ਨੇ ਮੈਨੂੰ ਝੂਠਿਆਂ ਵਾਂਗ ਤਬਾਹ ਨਹੀਂ ਕੀਤਾ ਸਗੋਂ ਮੇਰੇ ਜ਼ਾਹਰ ਤੇ ਮੇਰੇ ਭੀਤਰ ਅਤੇ ਮੇਰੇ ਸ਼ਰੀਰ ਤੇ ਮੇਰੀ ਆਤਮਾ ਉਪੱਰ ਉਹ ਉਪਕਾਰ ਕੀਤੇ ਜਿੰਨ੍ਹਾ ਨੂੰ ਮੈਂ ਗਿਣ ਨਹੀਂ ਸਕਦਾ । ਮੈਂ ਜਵਾਨ ਸੀ ਜੱਦ ਰੱਬ ਦੀ ਵਹੀ ਤੇ ਇਲਹਾਮ ਦਾ ਦਾਵਾ ਕੀਤਾ ਅਤੇ ਹੁਣ ਬੁਢੱਾ ਹੋ ਗਿਆ ਅਤੇ ਅਰੰਭਕ ਦਾਵਿਆਂ ਉਪੱਰ 20 ਵਰ੍ਹਿਆਂ ਤੋਂ ਵੱਧ ਲੰਘ ਗਏ । ਅਨੇਕਾਂ ਹੀ ਮੇਰੇ ਮਿਤੱਰ ਅਤੇ ਸਜੱਣ ਜੋ ਮੈਥੋਂ ਛੋਟੇ ਸਨ ਫ਼ੌਤ ਹੋ ਗਏ ਅਤੇ ਉਸ ਨੇ ਮੈਨੂੰ ਲੰਮੀ ਉਮਰ ਬਖ਼ਸ਼ੀ ਅਤੇ ਹਰ ਇਕ ਔਕੁੜ ਸਮੇਂ ਮੇਰਾ ਰੱਖਿਆਵਾਨ ਤੇ ਸਾਥੀ ਰਿਹਾ । ਸੋ, ਕੀ ਉਹਨਾਂ ਲੋਕਾਂ ਦੀਆਂ ਇਹੋ ਨਿਸ਼ਾਨੀਆਂ ਹੋਇਆ ਕਰਦੀਆਂ ਹਨ ਜੋ ਰੱਬ ਲਈ ਝੂਠ ਘੜਿਆ ਕਰਦੇ ਹਨ । ਹੁਣ ਵੀ ਜੇਕਰ ਮੌਲਵੀ ਸਾਹਿਬਾਨ ਮੈਨੂੰ ਝੂਠਾ ਸਮਝਦੇ ਹਨ ਤਾਂ ਇਸ ਤੋਂ ਵਧੱਕੇ ਇਕ ਹੋਰ ਫ਼ੈਸਲਾ ਹੈ ਅਤੇ ਉਹ ਇਹ ਕਿ ਮੈਂ ਇਹਨਾਂ ਇਲਹਾਮਾ ਨੂੰ ਹੱਥ ਵਿੱਚ ਲੈਕੇ ਜਿੰਨ੍ਹਾ ਨੂੰ ਪ੍ਰਕਾਸ਼ਤ ਕਰ ਚੁੱਕਿਆ ਹਾਂ ਮੌਲਵੀ ਸਾਹਿਬਾਨ ਨਾਲ ਮੁਬਾਹਿਲਾ (ਇਕ ਦੂਜੇ ਦੇ ਪ੍ਰਤੀ ਇਲਾਹੀ ਪ੍ਰਕੋਪ ਲਈ ਦੁਆ ਕਰਨੀ, ਅਨੁਵਾਦਕ) ਕਰਾਂ ।

ਇਸ ਪ੍ਰਕਾਰ ਕਿ ਮੈਂ ਰੱਬ ਦੀ ਸਹੁੰ ਖਾਕੇ ਬਿਆਨ ਕਰਾਂ ਕਿ ਮੈਂ ਵਾਸਤਵ ਵਿੱਚ ਇਲਾਹੀ ਕਲਾਮ ਤੇ ਵਾਰਤਾਲਾਪ ਨਾਲ ਸਨਮਾਨਤ ਹਾਂ ਅਤੇ ਵਾਸਤਵ ਵਿੱਚ ਉਸ ਨੇ ਮੈਨੂੰ ਚੌਦਵੀਂ ਸਦੀ ਦੇ ਸਿਰ'ਤੇ ਭੇਜਿਆ ਹੈ ਤਾਂ ਜੋ ਮੈਂ ਉਸ ਫ਼ਿਤਨੇ ਨੂੰ ਦੂਰ ਕਰਾਂ ਜੋ ਇਸਲਾਮ ਦੇ ਵਿਰੁਧ ਸਭ ਤੋਂ ਵਧੱਕੇ ਫ਼ਿਤਨਾ ਹੈ ਅਤੇ ਉਸੇ ਨੇ ਮੇਰਾ ਨਾਂ 'ਈਸਾ' ਰੱਖਿਆ ਹੈ ਅਤੇ ਸਲੀਬ ਨੂੰ ਤੋੜਨ ਲਈ ਮੈਨੂੰ ਮਾਮੂਰ (ਨਿਯੁਕਤ) ਕੀਤਾ ਹੈ ਪਰ ਨ ਕਿਸੇ ਸ਼ਰੀਰਕ ਹਰਬਿਆਂ (ਚਾਲਾਂ) ਨਾਲ ।"

(ਰੂਹਾਨੀ ਖ਼ਜ਼ਾਇਨ ਭਾਗ 11, ਪੰਨ੍ਹਾ 50-51, ਅੰਜਾਮੇ ਆਥਮ ਪੰਨ੍ਹਾ 50-51)

"ਸੋ, ਇਹ ਰੱਬ ਦੀ ਰਹਿਮਤ ਅਤੇ ਰੱਬ ਦੀ ਮਿਹਰ ਹੈ ਜੋ ਉਸ ਨੇ ਸਾਨੂੰ ਇਹਨਾਂ ਕਸ਼ਟਾ ਤੋਂ ਬਚਾਇਆ, ਜਿੰਨ੍ਹਾ ਵਿੱਚ ਸਾਡੇ ਵਿਰੋਧੀ ਗ੍ਰਿੱਸੇ ਹੋਏ ਹਨ । ਮੈਂ ਉਸ ਇੱਕੋ ਇਕ ਰੱਬ ਦੀ ਸਹੁੰ ਖਾਕੇ ਕਹਿ ਸਕਦਾ ਹਾਂ ਕਿ ਜੇਕਰ ਮੁਬਾਹਿਲੇ ਤੋਂ ਪਹਿਲਾਂ ਵੀ ਉਹ ਹਮੇਸ਼ਾ ਮੇਰਾ ਰੱਖਿਅਵਾਨ ਰਿਹਾ ਪਰ ਮੁਬਾਹਿਲੇ ਦੇ ਬਾਦ ਕੁਝ ਅਜਿਹੀਆਂ ਰੂਹਾਨੀ ਤੇ ਭੌਤਕ ਬਰਕਤਾਂ ਨਾਜ਼ਲ ਹੋਈਆਂ ਕਿ ਪਹਿਲੇ ਜੀਵਨ ਵਿੱਚ ਮੈਂ ਉਹਨਾਂ ਦੀ ਉਧਾਰਣ ਨਹੀਂ ਦੇਖਦਾ ।"

(ਰੂਹਾਨੀ ਖ਼ਜ਼ਾਇਨ ਭਾਗ 11, ਪੰਨ੍ਹਾ 314, ਜ਼ਮੀਮਾ ਰਸਾਲਾ ਅੰਜਾਮੇ ਆਥਮ ਪੰਨ੍ਹਾ 30)

"ਛੇਵਾਂ, ਅਤੇ ਜੇਕਰ ਇਹਨਾਂ ਗੱਲਾਂ ਵਿੱਚੋਂ ਕੋਈ ਵੀ ਨ ਕਰੀਏ ਤਾਂ ਮੈਂਥੋਂ ਤੇ ਮੇਰੀ ਜਮਾਤ ਨਾਲ ਸੱਤ ਸਾਲਾਂ ਲਈ ਇਸ ਪ੍ਰਕਾਰ ਦੀ ਸੰਧੀ ਕਰ ਲਓ ਕਿ ਕੁਫ਼ਰ, ਝੂਠ ਤੇ ਕੁਬੋਲਾਂ ਤੋਂ ਮੂੰਹ ਬੰਦ ਰਖੱਣ ਅਤੇ ਹਰ ਇਕ ਨਾਲ ਪ੍ਰੇਮ ਤੇ ਅਖ਼ਲਾਕ ਨਾਲ ਮਿਲਣ ਅਤੇ ਇਲਾਹੀ ਪ੍ਰਕੋਪ ਤੋਂ ਡਰਕੇ ਮੇਲ ਮਿਲਾਪ ਸਮੇਂ ਮੁਸਲਮਾਨਾਂ ਦੇ ਸੁਭਾਵ ਅਨੁਸਾਰ ਪੇਸ਼ ਆਉਣ ਹਰ ਪ੍ਰਕਾਰ ਦੇ ਉਪਦੱਰ ਤੇ ਦੁਸ਼ਟਤਾ ਛੱਡ ਦੇਣ । ਸੋ, ਜੇਕਰ ਇਹਨਾਂ ਸੱਤ ਵਰ੍ਹਿਆਂ ਵਿੱਚ ਮੇਰੇ ਵੱਲੋਂ ਰੱਬ ਦਾ ਸਮਰਥਨ ਅਤੇ ਇਸਲਾਮ ਦੀ ਸੇਵਾ ਵਿੱਚ ਵਿਸ਼ੇਸ਼ ਪ੍ਰਭਾਵ ਪ੍ਰਕਟ ਨ ਹੋਣ ਅਤੇ ਜਿਵੇਂ ਕਿ ਮਸੀਹ ਦੇ ਹੱਥੀਂ ਝੂਠੇ ਧਰਮਾ ਦਾ ਮਰ ਜਾਣਾ ਜ਼ਰੂਰੀ ਹੈ ਇਕ ਮੌਤ ਝੂਠੇ ਧਰਮਾ'ਤੇ ਮੇਰੇ ਰਾਹੀਂ ਨ ਪ੍ਰਕਟ ਹੋਵੇ ਅਰਥਾਤ ਰੱਬ ਮੇਰੇ ਹੱਥੀਂ ਉਹ ਨਿਸ਼ਾਨ ਪ੍ਰਕਟ ਨ ਕਰੇ ਜਿਸ ਨਾਲ ਇਸਲਾਮ ਦਾ ਬੋਲਬਾਲਾ ਹੋਵੇ ਅਤੇ ਜਿਸ ਨਾਲ ਹਰ ਇਕ ਪਾਸਿਓਂ ਇਸਲਾਮ ਵਿੱਚ ਦਾਖ਼ਲ ਹੋਣਾ ਸ਼ੁਰੂ ਹੋ ਜਾਏ । ਅਤੇ ਇਸਾਈਯੱਤ ਦਾ ਝੂਠਾ ਮਾਬੂਦ (ਉਪਾਸਿਆ) ਸਮਾਪਤ ਹੋ ਜਾਵੇ ਅਤੇ ਦੁਨੀਆ ਹੋਰ ਰੂਪ ਧਾਰਨ ਕਰ ਜਾਵੇ ਤਾਂ ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੈਂ ਆਪਣੇ ਆਪ ਨੂੰ ਝੂਠਾ ਵਿਚਾਰ ਕਰਾਂਗਾ ਅਤੇ ਰੱਬ ਜਾਣਦਾ ਹੈ ਕਿ ਮੈਂ ਉੱਕਾ ਹੀ ਝੂਠਾ ਨਹੀਂ ।"

(ਰੂਹਾਨੀ ਖ਼ਜ਼ਾਇਨ ਭਗ 11, ਪੰਨ੍ਹਾ 311 ਤੋਂ 319, ਅੰਜਾਮੇ ਆਥਮ ਪੰਨ੍ਹਾ 27 ਤੋਂ 35)

"ਇਸ ਲਈ ਉਚਿਤ ਹੈ ਕਿ ਅਬਦੁਲ ਹੱਕ ਗ਼ਜ਼ਨਵੀ ਅਤੇ ਅਬਦੁਲ ਜਬੱਾਰ ਜੋ ਆਪਣੇ ਉਪਦੱਰਾਂ ਤੇ ਦੁਸ਼ਟਤਾ ਨਾਲ ਇਨਕਾਰ ਤੇ ਗਾਲ੍ਹਾਂ ਉਪੱਰ ਜ਼ੋਰ ਦੇ ਰਹੇ ਹਨ । ਆਪਣੇ ਅਕਾਲ ਚਲਾਣਾ ਕਰ ਗਏ ਬਜ਼ੁਰਗਾਂ ਦੇ ਕਥਨਾਂ ਦੀ ਖੋਜ ਅਵਸ਼ ਕਰ ਲੈਂਣ । ਅਜਿਹਾ ਨ ਹੋਵੇ ਉਹਨਾਂ ਦੀ ਵਸੀਯਤ ਦੀ ਨਾਫ਼ਰਮਾਨੀ ਕਰਕੇ ਉਹਨਾ ਦੇ ਅਵਗਿਆਕਾਰ ਠਹਿਰ ਜਾਣ । ਇਸ ਬਜ਼ੁਰਗ ਮੌਲਵੀ ਅਬਦੁਲੱਾਹ ਨੇ ਆਪਣੇ ਜੀਵਨ ਸਮੇਂ ਮੇਰੇ ਨਾਂ ਦੋ ਪੱਤਰ ਵੀ ਭੇਜੇ ਸਨ ਅਤੇ ਇਹਨਾਂ ਪਤੱਰਾਂ ਵਿੱਚ ਕੁਰਆਨ ਕਰੀਮ ਦੀਆਂ ਆਇਤਾਂ ਦੇ ਇਲਹਾਮਾ ਨਾਲ ਮੈਂਨੂੰ ਖ਼ੁਸ਼ਖ਼ਬਰੀ ਦਿੱਤੀ ਸੀ ਕਿ ਤੁਸੀਂ ਕੁਫ਼ੱਾਰ'ਤੇ ਗ਼ਾਲਬ ਰਹੋਗੇ ਅਤੇ ਫ਼ਿਰ ਮੌਤ ਮਗਰੋਂ ਮੇਰੇ ਉਪੱਰ ਪ੍ਰਕਟ ਕੀਤਾ ਸੀ ਕਿ ਮੈਂ ਆਪ ਦੇ ਦਾਵੇ ਦਾ ਮੁਸਦੱਕ (ਪੁਸ਼ਟੀ ਕਰਨ ਵਾਲਾ) ਹਾਂ । ਸੋ, ਮੈਂ ਜਲਾਲ ਵਾਲੇ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਉਹਨਾਂ ਨੇ ਮੇਰੇ ਦਾਵੇ ਨੂੰ ਸੁਣ ਕੇ ਪੁਸ਼ਟੀ ਕੀਤੀ ਅਤੇ ਸਾਫ਼ ਸ਼ਬਦਾਂ ਵਿੱਚ ਮੈਂਨੂੰ ਕਿਹਾ ਕਿ "ਜੱਦ ਮੈਂ ਦੁਨੀਆ ਵਿੱਚ ਸੀ ਤਾਂ ਮੈਂ ਆਸ ਰਖੱਦਾ ਸੀ ਕਿ ਅਜਿਹਾ ਵਿਅਕਤੀ ਰੱਬ ਵੱਲੋਂ ਪ੍ਰਕਟ ਹੋਵੇਗਾ ।" ਇਹ ਸ਼ਬਦ ਹਨ ਉਹਨਾਂ ਦੇ ।'ਵ ਲਾਨਾਤੁਲੱਾਹਿ ਅਲਲ ਕਾਜ਼ਿਬੀਨ' ।"

(ਰੂਹਾਨੀ ਖ਼ਜ਼ਾਇਨ ਭਾਗ 11, ਪੰਨ੍ਹਾ 343, ਜ਼ਮੀਮਾ ਰਸਾਲਾ ਅੰਜਾਮੇ ਆਥਮ ਪੰਨ੍ਹਾ 59)

# ਰਸਾਲਾ ਆਸਮਾਨੀ ਫ਼ੈਸਲਾ

"ਸੋ, ਸਪਸ਼ਟ ਹੋਵੇ ਕਿ ਮੀਆਂ ਨਜ਼ੀਰ ਹੁਸੈਨ ਨੇ ਸੰਜਮਤਾ ਤੇ ਇਮਾਨਦਾਰੀ ਦੇ ਤਰੀਕੇ ਨੂੰ ਉਕੱਾ ਹੀ ਛੱਡ ਦਿਤੱਾ ਮੈਂ ਦਿੱਲੀ ਵਿੱਚ ਤਿੰਨ ਇਸ਼ਤਿਹਾਰ ਜਾਰੀ ਕੀਤੇ ਅਤੇ ਆਪਣੇ ਇਸ਼ਤਿਹਾਰ ਵਿੱਚ ਵਾਰ ਵਾਰ ਪ੍ਰਕਟ ਕੀਤਾ ਕਿ ਮੈਂ ਮੁਸਲਮਾਨ ਹਾਂ ਅਤੇ ਇਸਲਾਮੀ ਅਕੀਦਾ ਰਖੱਦਾ ਹਾਂ ਸਗੋਂ ਮੈਂ ਉਸ ਜਲਾਲ ਵਾਲੇ ਰੱਬ ਦੀ ਸਹੁੰ ਖਾਕੇ ਸੰਦੇਸ਼ ਪਹੁੰਚਾਇਆ ਕਿ ਮੇਰੀ ਕਿਸੇ ਲੇਖਣੀ ਵਿੱਚ ਜਾਂ ਭਾਸ਼ਣ ਵਿੱਚ ਕੋਈ ਅਜਿਹੀ ਗੱਲ ਨਹੀਂ ਹੈ ਜੋ ਨਊਜ਼ਬਿਲੱਾਹਿ ਇਸਲਾਮੀ ਅਕੀਦੇ ਦੇ ਵਿਰੁਧ ਹੋਵੇ ਕੇਵਲ ਅਲੋਚਨਾ ਕਰਨ ਵਾਲਿਆਂ ਦਾ ਆਪਣਾ ਹੀ ਭਰਮ ਹੈ । ਵਰਨਾ ਮੈਂ ਸਾਰਿਆਂ ਇਸਲਾਮੀ ਅਕੀਦਿਆਂ ਉਪੱਰ ਤਨ ਮਨ ਨਾਲ ਇਮਾਨ ਰਖੱਦਾ ਹਾਂ ਅਤੇ ਇਸਲਾਮ ਵਿਰੋਧੀ ਅਕੀਦਿਆਂ ਤੋਂ ਅੱਕਿਆ ਹੋਇਆ ਹਾਂ ।"

(ਰੁਹਾਨੀ ਖ਼ਜ਼ਾਇਨ ਭਾਗ 4 ਪੰਨ੍ਹਾ 312, ਰਸਾਲਾ ਆਸਮਾਨੀ ਫ਼ੈਸਲਾ ਪੰਨ੍ਹਾ 3)

ਆਪ ਨੇ ਇਸ ਰੁਹਾਨੀ ਮੁਕਾਬਲੇ ਲਈ ਸਾਰਿਆਂ ਸੂਫ਼ੀਆਂ, ਪੀਰ ਜ਼ਾਦਿਆਂ, ਸਜੱਾਦਾ ਨਸ਼ੀਨਾ ਅਤੇ ਸਾਰਿਆਂ ਮੌਲਵੀਆਂ ਨੂੰ ਵੀ ਜਿੰਨ੍ਹਾ ਨੇ ਆਪ ਉਪੱਰ ਕੁਫ਼ਰ ਦੇ ਫ਼ਤਵੇ ਲਾਏ ਸਨ ਮੁਕਾਬਲੇ ਦਾ ਸਦੱਾ ਦਿਤੱਾ ਅਤੇ ਫ਼ਰਮਾਇਆ :

"ਮੈਂ ਇਕਰਾਰ ਕਰਦਾ ਹਾਂ ਅਤੇ ਜਲਾਲ ਵਾਲੇ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਜੇਕਰ ਮੈਂ ਇਸ ਮੁਕਾਬਲੇ ਵਿੱਚ ਹਾਰ ਗਿਆ ਤਾਂ ਮੈਂ ਆਪਣੇ ਸਚੱਾਈ ਉਪੱਰ ਨ ਹੋਣ ਦੇ ਇਕਰਾਰ ਦਾ ਆਪ ਪ੍ਰਕਾਸ਼ਨ ਕਰਾਂਗਾ ...... ਅਤੇ ਇਸੇ ਜਲਸੇ ਵਿੱਚ ਇਕਰਾਰ ਵੀ ਕਰਾਂਗਾ ਕਿ ਮੈਂ ਰੱਬ ਵੱਲੋਂ ਨਹੀਂ ਹਾਂ ਅਤੇ ਮੇਰੇ ਸਾਰੇ ਦਾਵੇ ਝੂਠੇ ਹਨ ਅਤੇ ਰੱਬ ਦੀ ਸਹੁੰ ਮੈਂ ਵਿਸ਼ਵਾਸ ਰਖੱਦਾ ਹਾਂ ਅਤੇ ਦੇਖ ਰਿਹਾ ਹਾਂ ਕਿ ਮੇਰਾ ਰੱਬ ਉਕੱਾ ਹੀ ਅਜਿਹਾ ਨਹੀਂ ਹੋਣ ਦੇਵੇਗਾ ਅਤੇ ਕਦੇ ਵੀ ਮੈਂਨੂੰ ਨਸ਼ਟ ਨਹੀਂ ਹੋਣ ਦੇਵੇਗਾ ।"

(ਰੁਹਾਨੀ ਖ਼ਜ਼ਾਇਨ ਭਾਗ 4, ਪੰਨ੍ਹਾ 330, ਰਸਾਲਾ ਆਸਮਾਨੀ ਫ਼ੈਸਲਾ ਪੰਨ੍ਹਾ 13)

# ਹਮਾਮਾਤੁਲ ਬੁਸ਼ਰਾ

وإن إمامی سید الرسل أحمدُ

ਅਤੇ ਨਿਰਸੰਦੇਹ ਮੇਰਾ ਪੇਸ਼ਵਾ ਸਾਰਿਆਂ ਰਸੂਲਾਂ ਦਾ ਸਰਦਾਰ ਹੈ

رضيناه متبوعا وربّي ينظُرُ

ਮੈਂ ਰਾਜ਼ੀ ਹਾਂ ਉਸਦੀ ਆਗਿਆਕਾਰੀ'ਤੇ ਅਤੇ ਮੇਰਾ ਰੱਬ ਦੇਖਦਾ ਹੈ

ووالله إنی قد تبِعتُ محمّدًا

ਸਹੁੰ ਹੈ ਮੈਂਨੂੰ ਰੱਬ ਦੀ ਮੈਂ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਆਗਿਆਕਾਰੀ ਹਾਂ

وفی کل آن مِن سناه أُنوَّرُ

ਅਤੇ ਹਰ ਪਲ ਉਸ ਤੋਂ ਨੂਰ ਹਾਸਲ ਕਰਦਾ ਹਾਂ

(ਰੂਹਾਨੀ ਖ਼ਜ਼ਾਇਨ ਭਾਗ 7, ਪੰਨ੍ਹਾ 331-332, ਹਮਾਮਾਤੁਲ ਬੁਸ਼ਰਾ ਪੰਨ੍ਹਾ 106 -107)

# ਸੁਰਮਾ ਚਸ਼ਮਾ ਆਰਿਆ

"ਅਸੀਂ ਸੱਚ ਸੱਚ ਕਹਿੰਦੇ ਹਾਂ ਅਤੇ ਬਹੁਤੀਆਂ ਗਲੱਾਂ ਵਿੱਚ ਸਮਾਂ ਗੁਆਉਣਾ ਨਹੀਂ ਚਾਹੁੰਦੇ ਕਿ ਜੋ ਕੁਝ ਕੁਰਆਨ ਕਰੀਮ ਦੇ ਦੱਸ ਪੰਨ੍ਹਿਆਂ ਵਿੱਚੋਂ ਤੌਹੀਦ (ਇਕ ਈਸ਼ਵਰ) ਦੇ ਮੁਆਰਫ਼ (ਅਧਿਆਤਮਕ ਗਿਆਨ) ਸੰਸਾਰ ਨੂੰ ਪ੍ਰਕਾਸ਼ਮਾਨ ਕਰਨ ਵਾਲੇ ਸੂਰਜ ਵਾਂਗ ਪ੍ਰਕਟ ਹੁੰਦੇ ਹਨ, ਜੇਕਰ ਕੋਈ ਵਿਅਕਤੀ ਵੇਦਾਂ ਦੇ ਹਜ਼ਾਰਾਂ ਪੰਨ੍ਹਿਆਂ ਵਿੱਚੋਂ ਵੀ ਕਢੱਕੇ ਦਿਖਾ ਦੇਵੇ ਤਾਂ ਅਸੀਂ ਫਿਰ ਵੀ ਮਨ ਜਾਵਾਂਗੇ ਕਿ ਹਾਂ ਵੇਦਾਂ ਵਿੱਚ ਤੌਹੀਦ ਹੈ ਅਤੇ ਜੋ ਚਾਹੇ ਸਾਡੀ ਸਮਰਥਾ ਅਨੁਸਾਰ ਸ਼ਰਤ ਦੇ ਰੂਪ ਵਿੱਚ ਨਿਰਧਾਰਤ ਵੀ ਕਰਾ ਲਏ । ਅਸੀਂ ਸਹੁੰ ਖਾਕੇ ਬਿਆਨ ਦਿੰਦੇ ਹਾਂ ਅਤੇ ਇਕ ਰੱਬ ਦੀ ਸਹੁੰ ਖਾਕੇ ਕਹਿੰਦੇ ਹਾਂ ਕਿ ਅਸੀਂ ਨਿਰਧਾਰਤ

ਸ਼ਰਤ ਦੀ ਅਦਾਇਗੀ ਲਈ ਜਿਵੇਂ ਫ਼ੈਸਲਾ ਕਰਨਾ ਚਾਹੁਣ ਹਾਜ਼ਰ ਹਾਂ, ਪਰ ਸਰੋਤੇ ਚੰਗੀ ਤਰ੍ਹਾਂ ਚੇਤੇ ਰਖੱਣ ਅਤੇ ਹੇ, ਆਰਿਆਂ ਦੇ ਨਵਯੁਵਕੋ ਅਤੇ ਨਵੇਂ ਭਾਗ ਲੈਂਣ ਵਾਲਿਓ ! ਤੁਸੀਂ ਵੀ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਵੇਦਾਂ ਵਿੱਚ ਉਕੱਾ ਹੀ ਤੌਹੀਦ ਨਹੀਂ ਹੈ ਉਹ ਥਾਂ ਥਾਂ ਅਨੇਕ ਈਸ਼ਵਰਵਾਦੀ ਸਿੱਖਿਆ ਨਾਲ ਭਰਿਆ ਪਿਆ ਹੈ, ਅਵਸ਼ ਹੀ ਭਰਿਆ ਹੋਇਆ ਹੈ ਕੋਈ ਉਸ ਨੂੰ ਸਾਫ਼ ਨਹੀਂ ਕਰ ਸਕਦਾ ਅਤੇ ਸਮਾਂ ਆਉਂਦਾ ਜਾਂਦਾ ਹੈ ਕਿ ਉਸ ਦੇ ਸਾਰੇ ਪਰਦੇ ਖੁੱਲ੍ਹ ਜਾਣ, ਸੋ, ਤੁਸੀਂ ਉਸ ਰੱਬ ਤੋਂ ਡਰੋ ਜਿਸ ਦੀ ਅਦਾਲਤ ਵਿੱਚੋਂ ਕਿਸੇ ਪ੍ਰਕਾਰ ਛਿੱਪ ਨਹੀਂ ਸਕਦੇ ।"

(ਰੂਹਾਨੀ ਖ਼ਜ਼ਾਇਨ ਭਾਗ 2, ਪੰਨ੍ਹਾ 216, ਸੁਰਮਾ ਚਸ਼ਮਾ ਆਰਿਆ ਪੰਨ੍ਹਾਂ 168)

"ਇਲਾਹੀ ਉਸਤਤੀ ਤੇ ਵੱਡਿਆਈ ਮਗਰੋਂ ਮੈਂ ਰੱਬ ਦਾ ਇਕ ਬੰਦਾ ਵਰਨਣ ਕਰਤਾ ਅਹਮਦ ਸਪੁਤੱਰ ਸਵਰਗੀ ਮਿਰਜ਼ਾ ਗ਼ੁਲਾਮ ਮੁਰਤਜ਼ਾ ਸਾਹਬ (ਜੋ ਬ੍ਰਾਹੀਨ ਅਹਮਦੀਆ ਦਾ ਲੇਖਕ ਹੈ ) ਉਸ ਮਹਾਂ ਪ੍ਰਤਾਪੀ ਰੱਬ ਤੇ ਉਸਦੇ ਨਾਂ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੈਂ ਆਪਣੇ ਜੀਵਨ ਦਾ ਬਹੁਤਾ ਹਿਸੱਾ ਧਰਮ ਦੀ ਖੋਜ ਵਿੱਚ ਖਰਚ ਕਰਕੇ ਸਾਬਤ ਕਰ ਲਿਆ ਹੈ ਕਿ ਦੁਨੀਆ ਵਿੱਚ ਸਚੱਾ ਤੇ ਰੱਬ ਵੱਲੋਂ ਧਰਮ ਇਸਲਾਮ ਧਰਮ ਹੀ ਹੈ ਅਤੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਰੱਬ ਦੇ ਰਸੂਲ ਅਤੇ ਸਰਬ ਵਿਆਪਕ ਰਸੂਲ ਹਨ ਅਤੇ ਕੁਰਆਨ ਸ਼ਰੀਫ਼ ਮਹਾਂ ਪ੍ਰਤਾਪੀ ਰੱਬ ਦਾ ਪਵਿਤੱਰ ਕਲਾਮ ਹੈ ਜੋ ਸਾਰੀਆਂ ਪਵਿਤੱਰ ਸਰਾਂਈਆਂ ਉਪੱਰ ਅਧਾਰਤ ਹੈ ਅਤੇ ਜੋ ਕੁਝ ਇਸ ਪਵਿਤੱਰ ਕਲਾਮ ਵਿੱਚ ਵਰਨਣ ਕੀਤਾ ਗਿਆ ਹੈ ਕਿ ਰੱਬ ਆਪਣੇ ਵਿਅਕਤੀਗੱਤ ਵੁਜੂਦ ਅਤੇ ਅਨਾਦਿ ਹਸਤੀ ਤੇ ਸੰਪੂਰਨ ਕੁਦਰਤ ਅਤੇ ਆਪਣੀਆਂ ਹੋਰਨਾਂ ਵਿਸ਼ੇਸ਼ਤਾਵਾਂ ਵਿੱਚ ਇੱਕੋ ਇਕ ਹੈ ਅਤੇ ਸਾਰੀ ਮਖ਼ਲੂਕ ਦਾ ਖ਼ਾਲਕ ਅਤੇ ਸਾਰੀਆਂ ਰੂਹਾਂ (ਆਤਮਾਵਾਂ) ਤੇ ਸ਼ਰੀਰਾਂ ਦਾ ਪੈਦਾ ਕਰਨ ਵਾਲਾ ਹੈ ਅਤੇ ਸੱਚਿਆਂ, ਵਫ਼ਦਾਰਾਂ ਤੇ ਇਮਾਨਦਾਰਾਂ ਨੂੰ ਹਮੇਸ਼ਾ ਲਈ ਮੁਕਤੀ ਪ੍ਰਦਾਨ ਕਰੇਗਾ ਅਤੇ ਉਹ ਜੋ ਰਹਮਾਨ ਅਤੇ ਰਹੀਮ ਅਤੇ ਤੌਬਾ ਕੁਬੂਲ ਕਰਨ ਵਾਲਾ ਹੈ ਅਜਿਹਾ ਹੀ ਦੁਜਿਆਂ

ਇਲਾਹੀ ਗੁਣਾ ਤੇ ਹੋਰਨਾ ਸਿੱਖਿਆਵਾਂ ਜੋ ਕੁਰਆਨ ਕਰੀਮ ਵਿੱਚ ਲਿੱਖੀਆਂ ਹਨ ਇਹ ਸਾਰੀਆਂ ਸੱਚੀਆਂ ਤੇ ਠੀਕ ਹਨ ਅਤੇ ਮੈਂ ਦਿਲੀ ਵਿਸ਼ਵਾਸ਼ ਨਾਲ ਇਹਨਾਂ ਸਾਰੀਆਂ ਗੱਲਾਂ ਨੂੰ ਸੱਚ ਜਾਣਦਾ ਹਾਂ ਅਤੇ ਤਨ ਮਨ ਨਾਲ ਇਸ ਉਪੱਰ ਵਿਸ਼ਵਾਸ ਰਖੱਦਾ ਹਾਂ ।''

(ਰੂਹਾਨੀ ਖ਼ਜ਼ਾਇਨ ਭਾਗ 2, ਪੰਨ੍ਹਾ 302 303, ਸੁਰਮਾ ਚਸ਼ਮਾ ਆਰਿਆ ਪੰਨ੍ਹਾ 252 –253)

# ਚਸ਼ਮਾਏ ਮਸੀਹੀ

''ਮੈਂਨੂੰ ਉਸ ਵੁਜੂਦ ਦੀ ਸਹੁੰ ਹੈ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਕਿ ਮੈਂ ਆਪਣੇ ਰੱਬ ਦੇ ਯਕੀਨੀ ਤੇ ਪੱਕੇ ਪਾਕ ਕਲਾਮ ਨਾਲ ਸਨਮਾਨਤ ਹਾਂ ਅਤੇ ਲਗਭਗ ਪ੍ਰਤੀਦਿਨ ਸਨਮਾਨਤ ਹੁੰਦਾ ਹਾਂ ਅਤੇ ਉਹ ਰੱਬ ਜਿਸ ਨੂੰ ਯਿਸੂ ਮਸੀਹ ਕਹਿੰਦਾ ਹੈ ਕਿ ਤੂੰ ਮੈਂਨੂੰ ਕਿਉਂ ਛੱਡ ਦਿਤੱਾ, ਮੈਂ ਦੇਖਦਾ ਹਾਂ ਕਿ ਉਸ ਨੇ ਮੈਂਨੂੰ ਨਹੀਂ ਛੱਡਿਆ ।''

(ਰੂਹਾਨੀ ਖ਼ਜ਼ਾਇਨ ਭਾਗ 20 ਪੰਨ੍ਹਾ 353, ਚਸ਼ਮਾਏ ਮਸੀਹੀ ਪੰਨ੍ਹਾ 32)

# ਨਸੀਮੇ ਦਾਅਵਤ

''ਹੇ ਲੋਕੋ ! ਮੁਸਲਮਾਨਾ ਦਾ ਇਹ ਅਕੀਦਾ ਨਹੀਂ ਹੈ ਕਿ ਅਰਸ਼ ਕੋਈ ਭੌਤਕ ਤੇ ਪੈਦਾ ਕੀਤੀ ਹੋਈ ਚੀਜ਼ ਹੈ ਜਿਸ'ਤੇ ਰੱਬ ਬੈਠਾ ਹੋਇਆ ਹੈ । ਸਾਰਾ ਕੁਰਆਨ ਕਰੀਮ ਅਰੰਭ ਤੋਂ ਅੰਤ ਤੱਕ ਪੜ੍ਹ ਲਓ ਇਸ ਵਿੱਚ ਕਿਤੇ ਵੀ ਉਕੱਾ ਹੀ ਨਹੀਂ ਦੇਖੋਗੇ ਕਿ ਅਰਸ਼ ਵੀ ਕੋਈ ਸੀਮਤ ਚੀਜ਼ ਤੇ ਪੈਦਾ ਕੀਤੀ ਚੀਜ਼ ਹੈ ਰੱਬ ਨੇ ਕੁਰਆਨ ਕਰੀਮ ਵਿੱਚ ਵਾਰ ਵਾਰ ਫ਼ਰਮਾਇਆ ਹੈ ਕਿ ਹਰ ਇਕ ਚੀਜ਼ ਜੋ ਵੁਜੂਦ ਰਖੱਦੀ ਹੈ ਉਸ ਦਾ ਮੈਂ ਹੀ ਪੈਦਾ ਕਰਨ ਵਾਲਾਂ ਹਾਂ । ਮੈਂ ਹੀ ਧਰਤੀ ਤੇ ਆਕਾਸ਼ਾਂ ਅਤੇ ਆਤਮਾਵਾਂ ਅਤੇ ਉਹਨਾਂ ਸਾਰੀਆਂ ਸ਼ਕਤੀਆਂ ਦਾ ਪੈਦਾ ਕਰਨ ਵਾਲਾ ਹਾਂ । ਮੈਂ ਆਪਣੇ ਆਪ ਵਿੱਚ ਕਾਇਮ ਹਾਂ ਅਤੇ ਹਰ ਇਕ ਚੀਜ਼ ਜੋ ਮੇਰੇ

ਕਰਕੇ ਕਾਇਮ ਹੈ । ਹਰ ਇਕ ਕਿਣਕਾ ਤੇ ਹਰ ਇਕ ਚੀਜ਼ ਜੋ ਮੌਜੂਦ ਹੈ ਉਹ ਮੇਰੀ ਪੈਦਾ ਕੀਤੀ ਹੋਈ ਹੈ । ਪਰ ਕਿਤੇ ਨਹੀਂ ਫ਼ਰਮਾਇਆ ਕਿ ਅਰਸ਼ ਵੀ ਕੋਈ ਭੌਤਕ ਚੀਜ਼ ਹੈ ਜਿਸ ਦਾ ਮੈਂ ਪੈਦਾ ਕਰਨ ਵਾਲਾ ਹਾਂ । ਜੇਕਰ ਕੋਈ ਆਰਿਆ ਕੁਰਆਨ ਕਰੀਮ ਵਿੱਚੋਂ ਕੱਢ ਦੇਵੇ ਕਿ ਅਰਸ਼ ਕੋਈ ਭੌਤਕ ਤੇ ਪੈਦਾ ਕੀਤੀ ਹੋਈ ਚੀਜ਼ ਹੈ ਤਾਂ ਮੈਂ ਉਸ ਨੂੰ ਇਸ ਤੋਂ ਪਹਿਲਾਂ ਕਿ ਉਹ ਕਾਦੀਆਂ ਤੋਂ ਬਾਹਰ ਜਾਏ ਇਕ ਹਜ਼ਾਰ ਰੁਪਏ ਪੁਰਸਕਾਰ ਵੱਜੋਂ ਦਿਆਂਗਾ । ਮੈਂ ਉਸ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਜਿਸ ਦੀ ਝੂਠੀ ਸਹੁੰ ਖਾਣਾ ਲਾਨ੍ਹਤੀਆਂ ਦਾ ਕੰਮ ਹੈ ਕਿ ਮੈਂ ਕੁਰਆਨ ਸ਼ਰੀਫ਼ ਦੀ ਆਇਤ ਦਿਖਾਉਂਦਿਆਂ ਹੀ ਹਜ਼ਾਰ ਰੁਪਈਆ ਉਸ ਦੇ ਹਵਾਲੇ ਕਰਾਂਗਾ । ਵਰਨਾ ਮੈਂ ਸਤਿਕਾਰ ਵੱਜੋਂ ਕਹਿੰਦਾ ਹਾਂ ਕਿ ਅਜਿਹਾ ਮਨੁੱਖ ਆਪ ਲਾਨ੍ਹਤੀ ਹੋਵੇਗਾ ਜੋ ਰੱਬ'ਤੇ ਝੂਠ ਘੜਦਾ ਹੈ ।''

(ਰੂਹਾਨੀ ਖ਼ਜ਼ਾਇਨ ਭਾਗ **19**, ਪੰਨ੍ਹਾ **453-454**, ਨਸੀਮੇ ਦਾਅਵਤ ਪੰਨ੍ਹਾ **84**)

# ਨਜ਼ੂਲੁਲ ਮਸੀਹ

''ਜੱਦ ਕਿ ਹਰ ਇਕ ਚੀਜ਼ ਦਾ ਰੱਬ ਮਾਲਕ ਹੈ ਇਸ ਲਈ ਉਹ ਇਹ ਅਧਿਕਾਰ ਰਖੱਦਾ ਹੈ ਕਿ ਕੋਈ ਉਤੱਮ ਵਾਕ ਕਿਸੇ ਕਿਤਾਬ ਦਾ ਜਾਂ ਕੋਈ ਉਤੱਮ ਸ਼ੇਅਰ ਕਿਸੇ ਦੀਵਾਨ ਦਾ ਵਹੀ ਦੇ ਰੂਪ ਵਿੱਚ ਮੇਰੇ ਉਪੱਰ ਨਾਜ਼ਲ ਕਰੇ । ਇਹ ਤਾਂ ਅਰਬੀ ਭਾਸ਼ਾ ਬਾਰੇ ਵਰਨਣ ਹੈ ਪਰ ਇਸ ਤੋਂ ਵਧੱਕੇ ਹੈਰਾਨੀ ਦੀ ਗੱਲ ਹੈ ਕਿ ਕਈ ਇਲਹਾਮ ਮੈਂਨੂੰ ਉਹਨਾਂ ਭਾਸ਼ਾਵਾਂ ਵਿੱਚ ਹੋਏ ਹਨ ਜਿੰਨ੍ਹਾ ਦੀ ਮੈਂਨੂੰ ਉਕੱਾ ਹੀ ਜਾਣਕਾਰੀ ਨਹੀਂ ਜਿਵੇਂ ਅੰਗ੍ਰੇਜ਼ੀ, ਸੰਸਕ੍ਰਿਤ ਤੇ ਇਬਰਾਨੀ ਆਦਿ ਜਿਵੇਂ ਕਿ ਬ੍ਰਾਹੀਨ ਅਹਮਦੀਆ ਵਿੱਚ ਕੁਝ ਨਮੂਨੇ ਉਹਨਾਂ ਦੇ ਲਿਖੇ ਗਏ ਹਨ ਅਤੇ ਮੈਂਨੂੰ ਉਸ ਰੱਬ ਦੀ ਸਹੁੰ ਹੈ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਕਿ ਮੇਰੇ ਨਾਲ ਰੱਬ

ਦਾ ਇਹੋ ਵਤੀਰਾ ਅਤੇ ਇਹ ਨਿਸ਼ਾਨਾਂ ਦੇ ਪ੍ਰਕਾਰਾਂ ਵਿੱਚੋਂ ਇਕ ਨਿਸ਼ਾਨ ਹੈ ਜੋ ਮੈਨੂੰ ਦਿਤੱਾ ਗਿਆ ਹੈ ।''

(ਰੂਹਾਨੀ ਖ਼ਜ਼ਾਇਨ ਭਾਗ 18, ਪੰਨ੍ਹਾ 435, ਨਜ਼ੂਲੁਲ ਮਸੀਹ ਪੰਨ੍ਹਾ 57)

ਮੈਂ ਪਹਿਲਾਂ ਵੀ ਇਸ ਨਿਮਨ ਵਿਸਥਾਰਪੂਰਨ ਇਕਰਾਰ ਨੂੰ ਆਪਣੀਆਂ ਕਿਤਾਬਾਂ ਵਿੱਚ ਸਹੁੰ ਖਾਕੇ ਲੋਕਾਂ'ਤੇ ਪ੍ਰਕਟ ਕੀਤਾ ਹੈ ਅਤੇ ਹੁਣ ਵੀ ਰੱਬ ਦੀ ਸਹੁੰ ਖਾਕੇ ਲਿਖੱਦਾ ਹਾਂ ਜਿਸ ਦੇ ਕਬਜ਼ੇ ਵਿੱਚ ਮੇਰੀ ਜਾਨ ਹੈ ਕਿ ਮੈਂ ਉਹੋ ਮਸੀਹ ਮਊਦ ਹਾਂ, ਜਿਸ ਦੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਹਨਾਂ ਹਦੀਸਾਂ ਵਿੱਚ ਖ਼ਬਰ ਦਿੱਤੀ ਹੈ ਜੋ ਸਹੀ ਬੁਖ਼ਾਰੀ ਵਿੱਚ ਅਤੇ ਮੁਸਲਿਮ ਤੇ ਹੋਰਨਾ ਦੂਜੀਆਂ ਹਦੀਸਾਂ (ਸਿਹਾ ਸਿਤੱਾ) ਵਿੱਚ ਦਰਜ ਹਨ । ਵ-ਕਫ਼ਾ ਬਿਲੱਾਹਿ ਸ਼ਹੀਦਾ ।

(ਲੇਖਕ : ਮਿਰਜ਼ਾ ਗ਼ੁਲਾਮ ਅਹਮਦ ਅਫ਼ਾਉਲੱਾਹ ਅਨਹੁ 17 ਅਗਸਤ 1899 ਈ. ਹਵਲਾ – ਅਕਾਇਦ ਵ ਤਾਲੀਮਾਤ ਪੰਨ੍ਹਾ 137, ਪ੍ਰਕਾਸ਼ਕ ਨਜ਼ਾਰਤ ਦਾਅਵਤ ਵ ਤਬਲੀਗ਼ ਕਾਦੀਆਂ ਅਕਤੂਬਰ 1955 ਈ.)

''ਮੈਨੂੰ ਉਸ ਰੱਬ ਦੀ ਸਹੁੰ ਹੈ ਜਿਸ ਨੇ ਮੈਨੂੰ ਭੇਜਿਆ ਹੈ ਅਤੇ ਜਿਸ'ਤੇ ਝੂਠ ਘੜ੍ਹਨਾ ਲਾਨ੍ਹਤੀਆਂ ਦਾ ਕੰਮ ਹੈ ਕਿ ਉਸ ਨੇ ਮੈਨੂੰ ਮਸੀਹ ਮੌਊਦ ਬਣਾਕੇ ਭੇਜਿਆ ਹੈ ਅਤੇ ਮੈਂ ਜਿਵੇਂ ਕਿ ਕੁਰਆਨ ਕਰੀਮ ਦੀ ਆਇਤ ਉਪੱਰ ਇਮਾਨ ਰਖੱਦਾ ਹਾਂ ਅਜਿਹਾ ਹੀ ਬਿਨਾ ਕਿਸੇ ਕਿਣਕੇ ਜਿਹੇ ਅੰਤਰ ਦੇ ਰੱਬ ਦੀ ਉਸ ਖੁੱਲੀ ਤੇ ਸਪਸ਼ਟ ਵਹੀ (ਅਕਾਸ਼ਵਾਣੀ) ਉਪੱਰ ਇਮਾਨ ਲਿਆਉਂਦਾ ਹਾਂ ਜੋ ਮੈਨੂੰ ਹੋਈ ਜਿਸ ਦੀ ਸਚੱਾਈ ਉਸ ਦੇ ਨਿਰੰਤਰ ਨਿਸ਼ਾਨਾਂ ਨਾਲ ਮੇਰੇ ਉਪੱਰ ਖੁੱਲ ਗਈ ਹੈ ਅਤੇ ਮੈਂ ਬੈਤੁਲੱਾਹ ਵਿੱਚ ਖੜੇ ਹੋਕੇ ਇਹ ਸਹੁੰ ਖਾ ਸਕਦਾ ਹਾਂ ਕਿ ਉਹ ਪਾਕ ਵਹੀ ਜੋ ਮੇਰੇ ਉਪੱਰ ਨਾਜ਼ਲ ਹੁੰਦੀ ਹੈ ਉਹ ਉਸੇ ਰੱਬ ਦਾ ਕਲਾਮ ਹੈ ਜਿਸਨੇ ਹਜ਼ਰਤ ਮੂਸਾ ਅਤੇ ਹਜ਼ਰਤ ਈਸਾ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਆਪਣਾ ਕਲਾਮ ਨਾਜ਼ਲ ਕੀਤਾ ਸੀ ।''

(ਰੂਹਾਨੀ ਖ਼ਜ਼ਾਇਨ ਭਾਗ 18 ਪੰਨ੍ਹਾ 210, ਏਕ ਗ਼ਲਤੀ ਕਾ ਇਜ਼ਾਲਾ ਪੰਨ੍ਹਾ 3)

# ਕਰਾਮਾਤੁਸੱਾਦਿਕੀਨ

"ਮੈਂਨੂੰ ਜਲਾਲ ਵਾਲੇ ਰੱਬ ਦੀ ਸਹੁੰ ਹੈ, ਮੈਂ ਕਾਫ਼ਰ ਨਹੀਂ, (لا اله الا الله محمد رسول الله) ਲਾ ਇਲਾਹਾ ਇਲਲੱਾਹੁ ਮੁਹਮੱਦੁਰ ਰਸੂਲੁਲੱਾਹਿ, ਮੇਰਾ ਅਕੀਦਾ ਹੈ ਅਤੇ (وَلٰكِنۡ رَّسُوۡلَ اللّٰهِ وَخَاتَمَ النَّبِيّٖنَ) 'ਵਲਾਕਿਨ ਰਸੂਲਲੱਾਹਿ ਵ ਖ਼ਾਤਾਮਨੱਬੀਯੀਨਾ' ਉਪੱਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਬਾਰੇ ਮੇਰਾ ਇਮਾਨ ਹੈ । ਮੈਂ ਆਪਣੇ ਇਸ ਬਿਆਨ ਦੀ ਪੱਕਿਆਈ'ਤੇ ਐਨ੍ਹੀਆਂ ਸਹੁੰਆਂ ਖਾਂਦਾ ਹਾਂ ਜਿੰਨ੍ਹੇ ਰੱਬ ਦੇ ਪਵਿੱਤਰ ਨਾਂ ਹਨ ਅਤੇ ਜਿੰਨ੍ਹੇ ਕੁਰਆਨ ਕਰੀਮ ਦੇ ਅਖੱਰ ਹਨ ਅਤੇ ਜਿੰਨ੍ਹੀਆਂ ਰੱਬ ਦੀ ਦ੍ਰਿਸ਼ਟੀ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਵਿਸ਼ੇਸ਼ਤਾਵਾਂ ਹਨ । ਕੋਈ ਮੇਰਾ ਅਕੀਦਾ ਰੱਬ ਤੇ ਉਸ ਦੇ ਰਸੂਲ ਦੇ ਫ਼ਰਮਾਨਾ ਦੇ ਵਿਪਰੀਤ ਨਹੀਂ । ਅਤੇ ਜੋ ਕੋਈ ਅਜਿਹਾ ਵਿਚਾਰ ਰਖੱਦਾ ਹੈ ਉਹ ਉਸਦਾ ਆਪਣਾ ਭਰਮ ਹੈ ਅਤੇ ਜੋ ਮਨੁੱਖ ਮੈਂਨੂੰ ਹੁਣ ਵੀ ਕਾਫ਼ਰ ਸਮਝਦਾ ਹੈ ਅਤੇ ਕੁਫ਼ਰ (ਇਨਕਾਰ) ਤੋਂ ਮੁੜ੍ਹਦਾ ਨਹੀਂ ਤਾਂ ਉਹ ਨਿਸ਼ਚੇ ਹੀ ਚੇਤੇ ਰੱਖੇ ਕਿ ਮਰਨ ਦੇ ਬਾਦ ਉਸ ਨੂੰ ਪੱਛਿਆ ਜਾਵੇਗਾ । ਮੈਂ ਮਹਾਂ ਪ੍ਰਤਾਪੀ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੇਰਾ ਰੱਬ ਅਤੇ ਰਸੂਲ ਉਪੱਰ ਉਹ ਵਿਸ਼ਵਾਸ ਹੈ ਕਿ ਜੇਕਰ ਇਸ ਯੁੱਗ ਦੇ ਸਾਰਿਆਂ ਇਮਾਨਾਂ ਨੂੰ ਤਕੜੀ ਦੇ ਇਕ ਪਲੜੇ ਵਿੱਚ ਰੱਖਿਆ ਜਾਵੇ ਅਤੇ ਮੇਰਾ ਇਮਾਨ ਦੂਜੇ ਪਲੜੇ ਵਿੱਚ ਰੱਖਿਆ ਜਾਵੇ ਤਾਂ ਰੱਬ ਦੀ ਮਿਹਰ ਨਾਲ ਇਹੋ ਪਲੜਾ ਭਾਰੀ ਹੋਵੇਗਾ ।"

(ਰੂਹਾਨੀ ਖ਼ਜ਼ਾਇਨ ਭਾਗ 7, ਪੰਨ੍ਹਾ 68, ਕਰਾਮਾਤੁਸੱਾਦਿਕੀਨ ਪੰਨ੍ਹਾ 25)

# ਤਿਰਯਾਕੁਲ ਕੁਲੂਬ

"ਮੈਂਨੂੰ ਉਸ ਰੱਬ ਦੀ ਸਹੁੰ ਹੈ ਜਿਸ ਨੇ ਮੈਂਨੂੰ ਭੇਜਿਆ ਹੈ ਕਿ ਜੇਕਰ ਕੋਈ ਸਖ਼ਤ ਦਿਲ ਇਸਾਈ ਜਾਂ ਹਿੰਦੂ ਜਾਂ ਆਰਿਆ ਮੇਰੇ ਉਹਨਾਂ ਪਿਛੱਲੇ ਨਿਸ਼ਾਨਾਂ ਵਿੱਚੋਂ ਜੋ ਦਿਨ ਚੜ੍ਹੇ ਵਾਂਗ ਪ੍ਰਤੱਖ ਹਨ ਇਨਕਾਰ ਵੀ ਕਰ ਦੇਵੇ ਅਤੇ ਮੁਸਲਮਾਨ ਹੋਣ ਲਈ ਕੋਈ ਨਿਸ਼ਾਨ ਮੰਗੇ ਅਤੇ ਇਸ ਬਾਰੇ, ਮੈਂ ਬਿਨਾ ਕਿਸੇ ਵਿਅਰਥ ਹੁਜੱਤਾਂ ਦੇ ਜਿਸ ਵਿੱਚ ਬਦਨੀਤੀ ਦੀ ਬੋ ਆਉਂਦੀ ਹੋਵੇ ਸਾਧਾਰਣ ਤੌਰ'ਤੇ ਇਹ ਇਕਰਾਰ ਕਿਸੇ ਅਖ਼ਬਾਰ ਰਾਹੀਂ ਪ੍ਰਕਾਸ਼ਤ ਕਰ ਦੇਵੇ ਕਿ ਉਹ ਕਿਸੇ ਨਿਸ਼ਾਨ ਨੂੰ ਦੇਖਣ ਦੇ ਬਾਦ ਭਾਵੇਂ ਕੋਈ ਵੀ ਨਿਸ਼ਾਨ ਹੋਵੇ ਪਰ ਮਨੁੱਖੀ ਸ਼ਕਤੀ ਤੋਂ ਬਾਹਰ ਹੋਵੇ, ਇਸਲਾਮ ਨੂੰ ਕੁਬੂਲ ਕਰੇਗਾ ਤਾਂ ਮੈਂ ਆਸ ਰਖੱਦਾ ਹਾਂ ਕਿ ਅਜੇ ਇਕ ਸਾਲ ਵੀ ਪੂਰਾ ਨਹੀਂ ਹੋਵੇਗਾ ਕਿ ਉਹ ਨਿਸ਼ਾਨ ਦੇਖ ਲਏਗਾ ਕਿਉਂਕਿ ਮੈਂ ਉਸ ਜੀਵਨ ਵਿੱਚੋਂ ਨੂਰ ਲੈਂਦਾ ਹਾਂ ਜੋ ਮੇਰੇ ਨਬੀ ਨੂੰ ਪ੍ਰਾਪਤ ਹੋਇਆ ਹੈ । ਕੋਈ ਨਹੀਂ ਜੋ ਉਸ ਦਾ ਮੁਕਾਬਲਾ ਕਰ ਸਕੇ ।"

(ਰੂਹਾਨੀ ਖ਼ਜ਼ਾਇਨ ਭਾਗ 15, ਪੰਨ੍ਹਾ 140,ਤਿਰਯਾਕੁਲ ਕੁਲੂਬ ਪੰਨ੍ਹਾ 6-7)

"ਦੁਨੀਆ ਵਿੱਚ ਕੇਵਲ ਦੋ ਹੀ ਜੀਵਨ ਪ੍ਰਸ਼ੰਸਾ ਯੋਗ ਹਨ । (1) ਇਕ ਉਹ ਜੀਵਨ ਜੋ ਆਪ ਸਦਾ ਸਲਾਮਤ ਰੱਬ ਤੇ ਫ਼ੈਜ਼ ਦੇ ਸੋਮੇ ਦਾ ਜੀਵਨ ਹੈ। (2) ਦੂਜਾ ਉਹ ਜੀਵਨ ਜੋ ਫ਼ੈਜ਼ ਬਖਸ਼ ਅਤੇ ਰੱਬ ਸਰੂਪ ਹੋਵੇ । ਸੋ, ਆਓ ਤੁਹਾਨੂੰ ਅਸੀਂ ਦਿਖਾਉਂਦੇ ਹਾਂ ਕਿ ਉਹ ਜੀਵਨ ਕੇਵਲ ਸਾਡੇ ਨਬੀ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਜੀਵਨ ਹੈ । ਜਿਸ'ਤੇ ਹਰ ਇਕ ਯੁੱਗ ਵਿੱਚ ਅਕਾਸ਼ ਗਵਾਹੀ ਦਿੰਦਾ ਰਿਹਾ ਹੈ ਅਤੇ ਹੁਣ ਵੀ ਦਿੰਦਾ ਹੈ ਅਤੇ ਚੇਤੇ ਰੱਖੋ ਕਿ ਜਿਸ ਵਿੱਚ ਖੁਲਦਿਲਾ ਜੀਵਨ ਨਹੀ ਉਹ ਮੁਰਦਾ ਹੈ ਨ ਕਿ ਜੀਉਦਾ ਅਤੇ ਮੈਂ ਸਹੁੰ ਖਾਕੇ ਕਹਿੰਦਾ ਹਾਂ ਕਿ ਜਿਸ ਦਾ ਨਾਂ ਲੈਕੇ ਝੂਠ ਬੋਲਣਾ ਵੱਡੀ ਨੀਚਤਾ ਹੈ ਕਿ ਰੱਬ ਨੇ ਮੈਂਨੂੰ ਮੇਰੇ ਬਜ਼ੁਰਗ ਅਨੁਸਰਣ ਯੋਗ ਨਬੀ ਸਲਲੱਾਹੁ ਅਲੈਹਿ ਵਸਲਮ ਦੇ ਰੂਹਾਨੀ ਤੇ ਸਦੈਵੀ ਜੀਵਨ ਅਤੇ ਪੂਰੇ ਜਲਾਲ ਤੇ ਪ੍ਰਤਾਪ ਦਾ ਇਹ

ਪ੍ਰਮਾਣ ਦਿਤੱਾ ਹੈ ਮੈਂ ਉਸ ਦੀ ਪੈਰ੍ਹਵੀ ਨਾਲ ਅਤੇ ਉਸ ਦੇ ਪ੍ਰੇਮ ਕਰਕੇ ਆਕਾਸ਼ੀ ਨਿਸ਼ਾਨਾਂ ਨੂੰ ਆਪਣੇ ਉਪੱਰ ਉਤਰਦਿਆਂ ਅਤੇ ਦਿਲ ਨੂੰ ਵਿਸ਼ਵਾਸ ਦੇ ਨੂਰ ਨਾਲ ਭਰਦਿਆਂ ਹੋਇਆਂ ਦੇਖਿਆ ਅਤੇ ਐਨ੍ਹੇ ਗ਼ੈਬੀ ਨਿਸ਼ਾਨ ਦੇਖੇ ਕਿ ਉਹਨਾਂ ਖੁੱਲੇ ਖੁੱਲੇ ਨੂਰਾਂ ਰਾਹੀਂ ਆਪਣੇ ਰੱਬ ਨੂੰ ਦੇਖ ਲਿਆ ਹੈ ।''

(ਰੂਹਾਨੀ ਖ਼ਜ਼ਾਇਨ ਭਾਗ **15** ਪੰਨ੍ਹਾ **140** ਤਿਰਯਾਕੁਲ ਕੁਲੂਬ ਪੰਨ੍ਹਾ **6-7**)

# ਤੁਹਫ਼ਾ ਗੋਲੜਵੀਆ ਪੰਨ੍ਹਾ 54

''ਮੈਂਨੂੰ ਉਸ ਰੱਬ ਦੀ ਸਹੁੰ ਹੈ ਜਿਸਦੇ ਹੱਥ ਵਿੱਚ ਮੇਰੀ ਜਾਨ ਹੈ ਕਿ ਉਸ ਨੇ ਮੇਰੀ ਤਸਦੀਕ ਲਈ ਆਕਾਸ਼ ਉਪੱਰ ਨਿਸ਼ਾਨ ਪ੍ਰਕਟ ਕੀਤਾ ਅਤੇ ਉਸ ਸਮੇਂ ਪ੍ਰਕਟ ਕੀਤਾ ਜੱਦ ਮੌਲਵੀਆਂ ਨੇ ਮੇਰਾ ਨਾਂ ਦਜੱਾਲ, ਝੂਠਾ ਤੇ ਕਾਫ਼ਰ ਸਗੋਂ ਮਹਾਂਝੂਠਾ ਰੱਖਿਆ ਸੀ । ਇਹ ਉਹੋ ਨਿਸ਼ਾਨ ਹੈ ਜਿਸ ਬਾਰੇ ਅੱਜ ਤੋਂ ਵੀਹ ਵਰ੍ਹੇ ਪਹਿਲਾਂ ਬ੍ਰਾਹੀਨ ਅਹਮਦੀਆ ਵਿੱਚ ਭਵਿੱਖਬਾਣੀ ਦੇ ਰੂਪ ਵਿੱਚ ਵਾਦਾ ਦਿਤੱਾ ਗਿਆ ਸੀ ਅਤੇ ਉਹ ਇਹ ਹੈ ।

قُلْ عِنْدِیْ شَهَادَةٌ مِنَ اللهِ فَهَلْ اَنْتُمْ مُؤْمِنُوْن.

قُلْ عِنْدِیْ شَهَادَةٌ مِنَ اللهِ فَهَلْ اَنْتُمْ مُسْلِمُوْن

ਅਰਥਾਤ ਉਹਨਾਂ ਨੂੰ ਕਹਿ ਦਿਓ ਕਿ ਮੇਰੇ ਕੋਲ ਰੱਬ ਦੀ ਇਕ ਗਵਾਹੀ ਹੈ ਕੀ ਤੁਸੀਂ ਉਸ ਨੂੰ ਮੰਨੋਗੇ ਜਾਂ ਨਹੀਂ । ਫਿਰ ਉਹਨਾਂ ਨੂੰ ਕਹਿ ਦੇ ਕਿ ਮੇਰੇ ਕੋਲ ਰੱਬ ਦੀ ਇਕ ਗਵਾਹੀ ਹੈ ਕੀ ਤੁਸੀਂ ਉਸ ਨੂੰ ਕੁਬੂਲ ਕਰੋਗੇ ਜਾਂ ਨਹੀਂ । ਚੇਤੇ ਰਹੇ ਕਿ ਜੇਕਰ ਮੇਰੀ ਤਸਦੀਕ ਲਈ ਰੱਬ ਵੱਲੋਂ ਬਹੁਤ ਸਾਰੀਆਂ ਗਵਾਹੀਆਂ ਹਨ ਅਤੇ ਇਕ ਸੌ ਤੋਂ ਬਹੁਤੀਆਂ ਉਹ ਪੇਸ਼ਗੋਈਆਂ ਹਨ ਜੋ ਪੂਰੀਆਂ ਹੋ ਚੁਕੀਆਂ ਹਨ ਜਿੰਨ੍ਹਾ ਦੇ ਲਖੱਾਂ ਹੀ ਲੋਕ ਗਵਾਹ ਹਨ, ਪਰ ਇਸ ਇਲਹਾਮ ਵਿੱਚ ਭਵਿੱਖਬਾਣੀ ਦਾ ਵਰਨਣ ਕੇਵਲ ਵਿਸ਼ੇਸ਼ ਕਰਨ ਲਈ ਹੈ ਅਰਥਾਤ ਮੈਂਨੂੰ ਅਜਿਹਾ ਨਿਸ਼ਾਨ ਦਿਤੱਾ ਗਿਆ ਹੈ ਜੋ ਆਦਮ ਤੋਂ ਲੈਕੇ ਹੁਣ ਤੱਕ ਕਿਸੇ ਨੂੰ ਨਹੀਂ ਦਿਤੱਾ ਗਿਆ ।

ਭਾਵ ਇਹ ਕਿ ਮੈਂ ਖ਼ਾਨਾ ਕਾਬਾ ਵਿੱਚ ਖੜੇ ਹੋਕੇ ਕਸਮ (ਸਹੁੰ) ਖਾ ਸਕਦਾ ਹਾਂ ਕਿ ਇਹ ਨਿਸ਼ਾਨ ਮੇਰੀ ਪ੍ਰਮਾਣਕਤਾ ਲਈ ਹੈ ਨ ਕਿਸੇ ਅਜਿਹੇ ਵਿਅਕਤੀ ਦੇ ਪ੍ਰਮਾਣ ਲਈ ਜਿਸ ਨੂੰ ਹੁਣ ਤੱਕ ਝੁਠਲਾਇਆ ਨਹੀਂ ਗਿਆ ਅਤੇ ਜਿਸ'ਤੇ ਇਹ ਕੁਫ਼ਰ ਦਾ ਰੌਲ੍ਹਾ, ਝੁਠਲਾਉਣ ਤੇ ਅਨੈਤਿਕਤਾ ਦਾ ਰੌਲ੍ਹਾ ਨਹੀਂ ਪਿਆ ਅਤੇ ਅਜਿਹਾ ਹੀ ਖ਼ਾਨਾ ਕਾਬਾ ਵਿੱਚ ਖੜੇ ਹੋਕੇ ਸਹੁੰ ਖਾਕੇ ਕਹਿ ਸਕਦਾ ਹਾਂ ਕਿ ਇਸ ਨਿਸ਼ਾਨ ਨਾਲ ਸਦੀ ਦਾ ਨਿਰਧਾਰਣ ਹੋ ਗਿਆ ਹੈ ।''

(ਰੂਹਾਨੀ ਖ਼ਜ਼ਾਇਨ ਜਿਲਦ 17, ਪੰਨ੍ਹਾ 143, ਤੁਹਫ਼ਾ ਗੋਲੜਵੀਆ ਪੰਨ੍ਹਾ 33)

## ਕਿਤਾਬੁਲ ਬਰੀਯਾਹ

ਮੁਹਮੱਦ ਅਸਤ ਇਮਾਮ ਵ ਚਿਰਾਗ਼ ਬਰ ਦੋ ਜਹਾਂ
ਮੁਹਮੱਦ ਅਸਤ ਫ਼ਰਜ਼ੰਦ-ਏ-ਜ਼ਮੀਂ ਵ ਜ਼ਮਾਂ
ਖ਼ੁਦਾ ਨ ਗੋਇਮਿਸ਼ ਅਜ਼ ਤਰਸੇ ਹਕ ਮਗਰ ਬਖ਼ੁਦਾ
ਖ਼ੁਦਾ ਨੁਮਾਸਤ ਵੁਜੂਦਸ਼ ਬਰਾਏ ਆਲਮੀਯਾਂ

ਅਰਥ : ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੋਵੇਂ ਜਹਾਨਾ ਦੇ ਇਮਾਮ ਤੇ ਚਿਰਾਗ਼ ਹਨ ਅਤੇ ਧਰਤੀ ਤੇ ਅਕਾਸ਼ ਨੂੰ ਪ੍ਰਕਾਸ਼ਤ ਕਰਨ ਵਾਲੇ ਹਨ । ਮੈ ਰੱਬ ਦੇ ਖ਼ੌਫ਼ ਕਰਕੇ ਆਪ ਨੂੰ ਰੱਬ ਤਾਂ ਨਹੀਂ ਕਹਿੰਦਾ ਪਰ ਰੱਬ ਦੀ ਸਹੁੰ ਆਪਦਾ ਵੁਜੂਦ ਸੰਸਾਰ ਲਈ ਰੱਬ ਦੇ ਰੂਪ ਜਿਹਾ ਹੈ ।

(ਰੂਹਾਨੀ ਖ਼ਜ਼ਾਇਨ ਭਾਗ 13, ਪੰਨ੍ਹਾ 157, ਕਿਤਾਬੁਲ ਬਰੀਯਾਹ ਪੰਨ੍ਹਾ 129)(ਨਕਲ, ਸ਼ਾਨੇ ਰਸੂਲੇ ਅਰਬੀ' ਸੰਪਾਦਕ ਤੇ ਪ੍ਰਕਾਸ਼ਕ ਮੁਹਮੱਦ ਇਲਯਾਸ ਅਮਹਦੀ ਸੈਕ੍ਰੇਟਰੀ ਜਮਾਤ ਅਹਮਦੀਆ ਯਾਦਗੀਰ ਵਿੱਚੋਂ)

# ਅਲਹਕਮ 31 ਮਈ 1902 ਈ.

"ਮੈਂ ਸਹੁੰ ਖਾਕੇ ਕਹਿੰਦਾ ਹਾਂ ਕਿ ਕਿ ਮੇਰੇ ਮਨ ਵਿੱਚ ਅਸਲੀ ਤੇ ਹਕੀਕੀ ਜੋਸ਼ ਇਹੋ ਹੈ ਕਿ ਸਾਰੀਆਂ ਪ੍ਰਸ਼ੰਸਨਾਵਾਂ, ਉਸਤਤੀਆਂ ਤੇ ਸਾਰਿਆਂ ਉੱਤਮ ਗੁਣਾ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਵੱਲ ਧਿਆਨ ਕੇਂਦਰਤ ਕਰਾਂ । ਮੇਰੀ ਸਾਰੀ ਦੀ ਸਾਰੀ ਖ਼ੁਸ਼ੀ ਇਸੇ ਵਿੱਚ ਹੈ ਅਤੇ ਮੇਰੇ ਆਉਣ ਦਾ ਉਦੇਸ਼ ਇਹੋ ਹੈ ਕਿ ਰੱਬ ਦੇ ਇਕ ਈਸ਼ਵਰਵਾਦ ਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਸਨਮਾਨ ਨੂੰ ਦੁਨੀਆ ਵਿੱਚ ਕਾਇਮ ਕਰਾਂ । ਮੈਂ ਨਿਸ਼ਚਿਤ ਰੂਪ ਵਿੱਚ ਜਾਣਦਾ ਹਾਂ ਕਿ ਮੇਰੇ ਬਾਰੇ ਜਿੰਨ੍ਹੀਆਂ ਪ੍ਰਸ਼ੰਸਨਾਤਮਕ ਤੇ ਸਨਮਾਨਜਨਕ ਗਲੱਾਂ ਰੱਬ ਨੇ ਵਰਨਣ ਕੀਤੀਆਂ ਹਨ, ਇਹ ਵੀ ਵਾਸਤਵਿਕ ਰੂਪ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਵੱਲ ਹੀ ਪਰਤਦੀਆਂ ਹਨ, ਇਸ ਲਈ ਕਿ ਮੈਂ ਆਪ ਦਾ ਦਾਸ ਹਾਂ ਅਤੇ ਆਪ ਹੀ ਦੀ ਨਬੁਵੱਤ ਦੇ ਚਾਨ੍ਹਣੇ'ਚੋਂ ਪ੍ਰਕਾਸ਼ (ਨੂਰ) ਹਾਸਲ ਕਰਨ ਵਾਲਾ ਹਾਂ ਅਤੇ ਸਥਾਈ ਤੌਰ'ਤੇ ਸਾਡਾ ਕੁਝ ਵੀ ਨਹੀਂ । ਇਸ ਕਰਕੇ ਮੇਰਾ ਇਹ ਪਕੱਾ ਅਕੀਦਾ ਹੈ ਜੇਕਰ ਕੋਈ ਵਿਅਕਤੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਇਹ ਦਾਵਾ ਕਰੇ ਕਿ ਮੈਂ ਸਥਾਈ ਰੂਪ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਫ਼ੈਜ਼ ਪ੍ਰਾਪਤ ਕੀਤੇ ਬਿਨਾ ਨਿਰਧਾਰਤ ਹਾਂ ਅਤੇ ਰੱਬ ਨਾਲ ਸੰਬੰਧ ਰਖੱਦਾ ਹਾਂ ਤਾਂ ਉਹ ਮੇਰੀ ਦ੍ਰਿਸ਼ਟੀ ਵਿੱਚ ਧਿਕੱਾਰਿਆ ਤੇ ਜ਼ਲੀਲ ਹੈ । ਰੱਬ ਦੀ ਸਥਾਈ ਮੁਹਰ ਲੱਗ ਚੁਕੀ ਹੈ ਇਸ ਗੱਲ'ਤੇ ਕਿ ਕੋਈ ਵਿਅਕਤੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਤੋਂ ਬਿਨਾ ਰੱਬ ਦੇ ਦਰ ਤੱਕ ਨਹੀਂ ਪਹੁੰਚ ਸਕਦਾ।"

(ਅਲਹਕਮ 31 ਮਈ 1902 ਈ.)

# ਅਹਮਦੀਆ ਪਾਕੇਟ ਬੁਕ (ਪਹਿਲਾ ਭਾਗ)

(ਲੇਖਕ : ਕਾਜ਼ੀ ਮੁਹਮੱਦ ਨਜ਼ੀਰ ਸਾਹਬ ਫ਼ਾਜ਼ਲ)

ਕੁਰਆਨ ਕਰੀਮ ਵਿੱਚ ਰੱਬ ਯਹੂਦ ਨੂੰ ਸੰਬੋਧਨ ਕਰਕੇ ਫ਼ਰਮਾਉਂਦਾ ਹੈ :

قُلْ يَا أَيُّهَا الَّذِينَ هَادُوا إِنْ زَعَمْتُمْ أَنَّكُمْ أَوْلِيَاءُ لِلَّهِ مِنْ دُونِ النَّاسِ فَتَمَنَّوُا الْمَوْتَ إِنْ كُنْتُمْ صَادِقِينَ (الجمعة۔7)

ਅਰਥ : ਹੇ, ਰਸੂਲ ਕਹਿ ਦੇ ਕਿ ਹੇ ਲੋਕੋ ! ਜੋ ਯਹੂਦੀ ਹੋਏ, ਜੇਕਰ ਤੁਹਾਡਾ ਇਹ ਦਾਵਾ ਹੈ ਕਿ ਤੁਸੀਂ ਰੱਬ ਦੇ ਪਿਆਰੇ ਹੋ ਸਿਵਾਏ ਉਹਨਾਂ ਲੋਕਾਂ ਦੇ (ਜੋ ਮੁਸਲਮਾਨ ਹਨ) ਤਾਂ ਤੁਸੀਂ ਮੌਤ ਦੀ ਇਛੱਾ ਕਰੋ, ਜੇਕਰ ਤੁਸੀਂ ਸੱਚੇ ਹੋ ।

ਇਸ ਆਇਤ ਤੋਂ ਸਪਸ਼ਟ ਹੈ ਕਿ ਮੌਤ ਦੀ ਇਛੱਾ ਕਰਨ ਵਾਲਾ ਜੇਕਰ ਇਸ ਇਛੱਾ ਦੇ ਬਾਦ ਛੇਤੀ ਹਲਾਕ ਹੋ ਜਾਣ ਤੋਂ ਬੱਚ ਜਾਵੇ ਤਾਂ ਇਹ ਗੱਲ ਉਸ ਦੀ ਸਚੱਾਈ ਉਪੱਰ ਗਵਾਹੀ ਹੋਵੇਗੀ । ਜੇਕਰ ਕੋਈ ਭਰਮ ਕਰਕੇ ਆਪਣੇ ਆਪ ਨੂੰ ਰੱਬ ਦਾ ਪਿਆਰਾ ਸਮਝਦਾ ਹੈ ਅਤੇ ਮੌਤ ਦੀ ਇਛੱਾ ਕਰ ਬੈਠੇ ਤਾਂ ਫਿਰ ਉਸ ਦੀ ਮੌਤ ਨਿਸ਼ਾਨ ਬਣ ਜਾਂਦੀ ਹੈ ਜਿਵੇਂ ਅਬੁ ਜਹਲ ਨੇ ਬਦਰ ਦੀ ਜੰਗ ਸਮੇਂ ਇਹ ਇਛੱਾ ਕੀਤੀ ਸੀ ਕਿ ਹੇ ਰੱਬ ! ਜੋ ਸਾਡੇ ਦੋਹਾਂ ਵਿੱਚੋਂ ਝੂਠਾ ਹੈ ਉਸ ਨੂੰ ਇਸੇ ਥਾਂ ਮੌਤ ਦੇ ਦੇ । ਸੋ, ਉਹ ਬਦਰ ਦੀ ਜੰਗ ਵਿੱਚ ਮਾਰਿਆ ਗਿਆ ਅਤੇ ਉਸ ਦੀ ਮੌਤ ਇਸਲਾਮ ਦੀ ਸਚੱਾਈ ਦਾ ਨਿਸ਼ਾਨ ਬਣ ਗਈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਝੂਠਾ ਸਮਝਦਿਆਂ ਹੋਇਆਂ ਅਤੇ ਮੁਕਾਬਲੇ ਵਿੱਚ ਆਪਣੇ ਆਪ ਨੂੰ ਸਚੱਾ ਸਮਝਦਿਆਂ ਹੋਇਆਂ ਜਿੰਨ੍ਹਾ ਲੋਕਾਂ ਨੇ ਆਪ ਲਈ ਬਦ ਦੁਆ ਕੀਤੀ ਅਤੇ ਆਪ ਦੇ ਸਚੱਾ ਹੋਣ ਦੀ ਅਵਸਥਾ ਵਿੱਚ ਆਪਣੀ ਮੌਤ ਮੰਗੀ ਉਹ ਸਾਰੇ ਦੇ ਸਾਰੇ ਹਲਾਕ ਹੋਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਲੋਕਾਂ ਨੂੰ ਵਿਸ਼ਵਾਸ਼ ਦੁਆਉਣ ਲਈ ਕਿ ਆਪ ਰੱਬ ਵੱਲੋਂ ਹਨ, ਇਲਾਹੀ ਦਰ ਵਿੱਚ ਇਹ ਦੁਆ ਕੀਤੀ :

بِسۡمِ اللّٰہِ الرَّحۡمٰنِ الرَّحِیۡم

نحمدہ و نصلی علی رسولہ الکریم

رَبَّنَا افْتَحْ بَيْنَنَا وَبَيْنَ قَوْمِنَا بِالْحَقِّ وَأَنْتَ خَيْرُ الْفَاتِحِينَ

ਬਿਸਮਿਲੱਾਹਿਰ ਰਹਮਾਨਿਰ ਰਹੀਮ

ਨਹਮੁਦੁਹੂ ਵ ਨੁਸੱਲੀ ਅਲਾ ਰਸੂਲਿਹਿਲ ਕਰੀਮ

ਰਬੱਾਨਫ਼ਤਹ ਬੈਨਾ ਬੈਨਨਾ ਵ ਬੈਨਾ ਕੌਮਿਨਾ ਬਿਲ ਹੱਕਿ ਵ ਅੰਤਾ ਖ਼ੈਰੁਲ ਫ਼ਤਿਹੀਨ

ਐ ਕਦੀਰ ਵ ਖ਼ਾਲਕ ਅਰਜ਼ੋ ਸਮਾਂ
ਐ ਰਹੀਮੋ ਮਿਹਬਾਨ ਵ ਰਹਨੁਮਾ
ਐ ਕਿ ਮੀਦਾਰੀ ਤੂ ਬਰ ਦਿਲਹਾ ਨਜ਼ਰ
ਐ ਕਿ ਅਜ਼ ਤੂ ਨੇਸਤ ਚੀਜ਼ੇ ਮੁਸਤਤਰ
ਗਰ ਤੂ ਮੈ ਬੀਨੀ ਮਿਰਾ ਪੁਰ ਫ਼ਿਸਕੋ ਸ਼ਰ
ਗਰ ਤੂ ਦੀਦ ਅਸਤੀ ਕਿ ਹਸਤਮ ਬਦ ਗੁਹਰ
ਪਾਰਾ ਪਾਰਾ ਕੁਨ ਮਨਿ ਬਦਕਾਰ ਰਾ
ਸ਼ਾਦ ਕੁਨ, ਈਂ ਜ਼ੁਮਰਾਏ ਅਗ਼ਯਾਰ ਰਾ
ਬਰ ਦਿਲੋ ਸ਼ਾਂ ਅਬਰੇ ਰਹਮਤ ਹਾਬਬਾਰ
ਕਰ ਮੁਰਾਦੇ ਸ਼ਾਂ ਬਫ਼ਜ਼ਲਿ ਖ਼ੁਦ ਬਰਆਰ
ਆਤਸ਼ ਅਫ਼ਸ਼ਾਂ ਬਰ ਦਰੋ ਦੀਵਾਰੇ ਮਨ
ਦੁਸ਼ਮਨਮ ਬਾਸ਼ੋ ਤਬਾਹ ਕੁਨ ਕਾਰਿ ਮਨ
ਦਰ ਮਿਰਾ ਅਜ਼ ਬੰਦਗਾਨਤ ਯਾਫ਼ਤੀ
ਕਿਬਲਾਏ ਮਨ ਆਸਤਾਨਤ ਯਾਫ਼ਤੀ
ਦਰ ਦਿਲੇ ਮਨ ਆਂ ਮੁਹਬੱਤ ਦੀਦਏ
ਕਜ਼ ਜਹਾਂ ਆਂ ਰਾਜ਼ ਰਾ ਪੁਸ਼ੀਦਾਏ
ਬਅਮਨ ਅਜ਼ ਰੂਏ ਮੁਹਮੱਤ ਕਾਰਕੁਨ
ਅੰਦਕੇ ਅਫ਼ਸ਼ਾਇ ਆਂ ਇਸਰਾਰ ਕੁਨ

(ਹਕੀਕਾਤੁਲਮਹਦੀ ਪੰਨ੍ਹਾ 1, ਰੂਹਾਨੀ ਖ਼ਜ਼ਾਇਨ ਭਾਗ 14, ਪੰਨ੍ਹਾ 434)

ਅਰਥ : ਹੇ ਕਾਦਰ ਤੇ ਧਰਤੀ ਆਕਾਸ਼ ਦੇ ਪੈਦਾ ਕਰਨ ਵਾਲੇ, ਹੇ ਰਹੀਮ, ਮਿਹਰਬਾਨ ਤੇ ਮਾਰਗ ਦਰਸ਼ਕ, ਹੇ ਉਹ ਜੋ ਦਿਲਾਂ'ਤੇ ਨਜ਼ਰ ਰਖੱਦਾ ਹੈ, ਹੇ ਉਹ ਹਸਤੀ ਜਿਸ ਤੋਂ ਕੋਈ ਚੀਜ਼ ਲੁਕੀ ਹੋਈ ਨਹੀਂ ! ਜੇਕਰ ਤੂੰ ਮੈਂਨੂੰ ਅਵਗਿਆਕਾਰ ਤੇ ਸ਼ੇਖ਼ੀ ਭਰਿਆ ਦੇਖਦਾ ਹੈਂ, ਜੇਕਰ ਤੂੰ ਮੈਂਨੂੰ ਦੇਖ ਲਿਆ ਹੈ ਕਿ ਮੈਂ ਵਾਸਤਵ ਵਿੱਚ ਬਦ (ਭੈੜਾ) ਹਾਂ ਤਾਂ ਤੂੰ ਮੈਨੂੰ ਭੈੜੇ ਨੂੰ ਟੋਟੇ ਟੋਟੇ ਕਰ ਦੇ ਅਤੇ ਮੇਰੇ ਵਿਰੋਧੀਆਂ ਨੂੰ ਖ਼ੁਸ਼ ਕਰ ਦੇ । ਉਹਨਾਂ ਦੇ ਦਿਲਾਂ ਵਿੱਚ ਆਪਣੀ ਰਹਮਤ ਦੇ ਬਦੱਲ ਵਰ੍ਹਾ ਅਤੇ ਆਪਣੀ ਮਿਹਰ ਨਾਲ ਉਹਨਾਂ ਦੀ ਹਰ ਮੁਰਾਦ ਪੂਰੀ ਕਰ ਅਤੇ ਮੇਰੇ ਘਰਬਾਰ'ਤੇ ਅੱਗ ਵਰ੍ਹਾ । ਮੇਰਾ ਦੁਸ਼ਮਣ ਬਣ ਜਾ ਅਤੇ ਮੇਰਾ ਸਾਰਾ ਕਾਰੋਬਾਰ ਤਬਾਹ ਕਰ ਦੇ, ਪਰੰਤੂ ਜੇਕਰ ਤੂੰ ਮੈਂਨੂੰ ਆਪਣਾ ਆਗਿਆਕਾਰ ਦੇਖਿਆ ਹੈ ਅਤੇ ਮੇਰੇ ਦਿਲ ਵਿੱਚ ਉਹ ਪ੍ਰੇਮ ਦੇਖਿਆ ਹੈ ਜਿਸ ਦਾ ਭੇਦ ਤੂੰ ਦੁਨੀਆਂ ਤੋਂ ਗੁਪਤ ਰੱਖਿਆ ਹੈ ਤਾਂ ਤੂੰ ਮੇਰੇ ਨਾਲ ਪ੍ਰੇਮ ਪੂਰਵਕ ਪੇਸ਼ ਆ ਅਤੇ ਉਹਨਾ ਗੁਪੱਤ ਭੇਦਾਂ ਨੂੰ ਥੋੜਾ ਜਿਹਾ ਪ੍ਰਕਟ ਕਰ ਦੇ ।

ਇਸ ਦੁਆ ਦੇ ਬਾਦ ਆਪ ਅਲੈਹਿ ਸਲਾਮ ਦੇ ਹੱਥੀ ਕਈ ਨਿਸ਼ਾਨ ਪ੍ਰਕਟ ਹੋਏ ਅਤੇ ਰੱਬ ਨੇ ਆਪ ਨੂੰ ਦੁਨੀਆ ਵਿੱਚ ਪਰਵਾਨਗੀ ਬਖਸ਼ੀ ਅਤੇ ਆਪ ਅਲੈਹਿ ਸਲਾਮ ਦੀ ਤਬਾਹੀ ਦੀ ਥਾਂ ਆਪਨੂੰ ਹਰ ਪੱਖੋਂ ਤਰੱਕੀ ਦੇਕੇ ਆਪਣੀ ਮਦਦ ਤੇ ਪ੍ਰੇਮ ਦਾ ਸਬੂਤ ਦੇ ਦਿੱਤਾ । ਇਸ ਵਿੱਚ ਵਿਚਾਰਣ ਵਾਲਿਆਂ ਲਈ ਇਕ ਵਡੱਾ ਨਿਸ਼ਾਨ ਹੈ ।''

(ਨਕਲ : ਅਹਮਦੀਆ ਪਾਕੇਟ ਬੁਕ ਭਾਗ ਪਹਿਲਾ ਪੰਨ੍ਹਾ 210 ਤੋਂ 212 ਵਿੱਚੋਂ)

# ਮਹਾਨ ਭਵਿੱਖਬਾਣੀ
# ਇਸਲਾਮ ਦਾ ਸ਼ਾਨਦਾਰ ਭਵਿੱਖ
# ਅੰਤਮ ਤੇ ਸੰਪੂਰਨ ਗ਼ਲਬੇ ਦੇ ਦਿਨ

ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

"ਖ਼ੁਦਾ ਤਆਲਾ ਨੇ ਮੈਂਨੂੰ ਵਾਰ ਵਾਰ ਖ਼ਬਰ ਦਿੱਤੀ ਹੈ ਕਿ ਉਹ ਮੈਂਨੂੰ ਬਹੁਤ ਅਜ਼ਮਤ ਦੇਵੇਗਾ ਅਤੇ ਮੇਰਾ ਪ੍ਰੇਮ ਦਿਲਾਂ ਵਿੱਚ ਬਠਾਏਗਾ । ਅਤੇ ਮੇਰੇ ਸਿਲਸਿਲੇ (ਜਮਾਤ) ਨੂੰ ਸਾਰੀ ਦੁਨੀਆ ਵਿੱਚ ਫੈਲਾਏਗਾ ਅਤੇ ਸਾਰਿਆ ਫ਼ਿਰਕਿਆਂ ਉਪੱਰ ਮੇਰੇ ਫ਼ਿਰਕੇ ਨੂੰ ਗ਼ਾਲਬ ਕਰੇਗਾ ਅਤੇ ਮੇਰੇ ਫ਼ਿਰਕੇ ਦੇ ਲੋਕ ਗਿਆਨ ਤੇ ਮਆਰਫ਼ਤ ਵਿੱਚ ਕਮਾਲ ਹਾਸਲ ਕਰਨਗੇ ਕਿ ਆਪਣੀ ਸਚੱਾਈ ਦੇ ਨੂਰ ਅਤੇ ਆਪਣੀਆਂ ਦਲੀਲਾਂ ਤੇ ਨਿਸ਼ਾਨਾ ਨਾਲ ਸਾਰਿਆਂ ਦਾ ਮੂੰਹ ਬੰਦ ਕਰ ਦੇਣਗੇ । ਅਤੇ ਹਰ ਇਕ ਕੌਮ ਇਸ ਸੋਮੇਂ ਵਿੱਚੋਂ ਪਾਣੀ ਪੀਏਗੀ ਅਤੇ ਇਹ ਸਿਲਸਿਲਾ (ਜਮਾਤ) ਪ੍ਰਤੀਦਿਨ ਵਧੇਗਾ ਅਤੇ ਫੱਲੇ ਫੁੱਲੇਗਾ ਏਥੋਂ ਤੱਕ ਸਾਰੀ ਧਰਤੀ ਵਿੱਚ ਫੈਲ ਜਾਏਗਾ । ਅਨੇਕਾਂ ਰੋਕਾਂ ਪੈਣਗੀਆਂ, ਔਕੁੜਾਂ ਆਉਣਗੀਆਂ ਪਰ ਰੱਬ ਸਾਰਿਆਂ ਨੂੰ ਵਿੱਚੋਂ ਦੂਰ ਕਰ ਦੇਵੇਗਾ ਅਤੇ ਆਪਣੇ ਵਾਦੇ ਨੂੰ ਪੂਰਾ ਕਰੇਗਾ । ਰੱਬ ਨੇ ਮੈਂਨੂੰ ਸੰਬੋਧਨ ਕਰਕੇ ਫ਼ਰਮਇਆ ਹੈ ਕਿ ਮੈਂ ਤੈਂਨੂੰ ਬਰਕਤ ਤੇ ਬਰਕਤ ਦਿਆਂਗਾ ਏਥੋਂ ਤੱਕ ਕਿ ਬਾਦਸ਼ਾਹ ਤੇਰੇ ਕਪੜਿਆਂ ਵਿੱਚੋਂ ਬਰਕਤ ਢੂੰਡਣਗੇ ।

ਸੋ, ਹੇ ਸੁਣਨ ਵਾਲਿਓ ! ਇਹਨਾਂ ਗਲੱਾਂ ਨੂੰ ਚੇਤੇ ਰੱਖੋ ਅਤੇ ਇਹਨਾਂ ਭਵਿੱਖਬਾਣੀਆਂ ਨੂੰ ਆਪਣੇ ਸੰਦੂਕਾਂ ਵਿੱਚ ਸੁਰੱਖਿਅਤ ਰੱਖ ਲਓ ਕਿ ਇਹ ਰੱਬ ਦਾ ਕਲਾਮ ਹੈ ਜੋ ਇਕ ਦਿਨ ਪੂਰਾ ਹੋਵੇਗਾ ।"

(ਰੂਹਾਨੀ ਖ਼ਜ਼ਾਇਨ ਭਾਗ 20, ਪੰਨ੍ਹਾ 409, ਤਜੱਲੀਯਾਤਿ ਇਲਾਹੀਯਹ ਪੰਨ੍ਹਾ 21)

ਫਿਰ ਫ਼ਰਮਾਉਂਦੇ ਹਨ :

"ਹੇ ਸਾਰੇ ਲੋਕੋਂ ਸੁਣ ਰੱਖੋ ਕਿ ਇਹ ਉਸ ਦੀ ਪੇਸ਼ਗੋਈ ਹੈ ਜਿਸ ਨੇ ਧਰਤੀ ਤੇ ਆਕਾਸ਼ ਬਣਏ ਉਹ ਆਪਣੀ ਇਸ ਜਮਾਤ ਨੂੰ ਸਾਰਿਆਂ ਦੇਸ਼ਾਂ ਵਿੱਚ ਫੈਲਾ ਦੇਵੇਗਾ ਅਤੇ ਸਬੂਤਾਂ ਤੇ ਦਲੀਲਾਂ ਰਾਹੀਂ ਸਾਰਿਆਂ ਉਪੱਰ ਉਹਨਾਂ ਨੂੰ ਜਿੱਤ ਪ੍ਰਦਾਨ ਕਰੇਗਾ । ਉਹ ਦਿਨ ਆਉਂਦੇ ਹਨ ਸਗੋਂ ਨੇੜੇ ਹਨ ਕਿ ਦੁਨੀਆ ਵਿੱਚ ਕੇਵਲ ਇਹੋ ਇਕ ਧਰਮ ਹੋਵੇਗਾ ਜੋ ਸਨਮਾਨ ਨਾਲ ਚੇਤੇ ਕੀਤਾ ਜਾਵੇਗਾ । ਰੱਬ ਇਸ ਧਰਮ ਅਤੇ ਇਸ ਜਮਾਤ ਵਿੱਚ ਅਤਿਅੰਤ ਦਰਜੇ ਅਤੇ ਸੁਭਾਵਕ ਬਰਕਤ ਪਾਏਗਾ ਅਤੇ ਹਰ ਇਕ ਜੋ ਇਸ ਨੂੰ ਢਾਹੁਣ ਦੀ ਸੋਚ ਰਖੱਦਾ ਹੈ ਨਾਮੁਰਾਦ ਰੱਖੇਗਾ ਤੇ ਇਹ ਗ਼ਲਬਾ ਹਮੇਸ਼ਾ ਰਹੇਗਾ ਏਥੋਂ ਤੱਕ ਕਿ ਕਯਾਮਤ ਆ ਜਾਵੇਗੀ ...... ਅਜੇ ਤੀਜੀ ਸਦੀ ਅੱਜ ਦੇ ਦਿਨ ਤੋਂ ਪੂਰੀ ਨਹੀਂ ਹੋਵੇਗੀ ਕਿ ਈਸਾ ਦੀ ਉਡੀਕ ਕਰਨ ਵਾਲੇ ਕੀ ਮੁਸਲਮਾਨ ਕੀ ਇਸਾਈ ਅਤਿਅੰਤ ਨਿਰਾਸ਼ ਤੇ ਬਦਜ਼ਨ ਹੋਕੇ ਇਸ ਝੂਠੇ ਅਕੀਦੇ ਨੂੰ ਛੱਡ ਦੇਣਗੇ ਅਤੇ ਦੁਨੀਆ ਵਿੱਚ ਇਕ ਹੀ ਧਰਮ ਹੋਵੇਗਾ ਅਤੇ ਇਕ ਹੀ ਪੇਸ਼ਵਾ । ਮੈਂ ਬੀਜ ਬੀਜਣ ਆਇਆ ਹਾਂ, ਸੋ, ਮੇਰੇ ਹੱਥੀ ਉਹ ਬੀਜ ਬੀਜਿਆ ਗਿਆ, ਹੁਣ ਉਹ ਵਧੇਗਾ ਫੁੱਲੇਗਾ ਤੇ ਫਲੇਗਾ ਅਤੇ ਕੋਈ ਨਹੀਂ ਜੋ ਉਸ ਨੂੰ ਰੋਕ ਸਕੇ ।"

(ਰੂਹਾਨੀ ਖ਼ਜ਼ਾਇਨ ਭਾਗ 20, ਪੰਨ੍ਹਾ 66-67, ਤਜ਼ਕਰਾ-ਤੁਸ਼-ਸ਼ਾਹਾਦਾਤੈਨ ਪੰਨ੍ਹਾ 64-65)

# ਸੱਚੇ ਦਾਵੇ'ਤੇ ਲਲਕਾਰ

"ਜੇਕਰ ਮੇਰੇ ਮੁਕਾਬਲੇ'ਤੇ ਦੁਨੀਆ ਦੀਆਂ ਸਾਰੀਆਂ ਜਾਤੀਆਂ ਇਕਤੱਰ ਹੋ ਜਾਣ ਅਤੇ ਇਸ ਗੱਲ ਦੀ ਤੁਲਨਾਤਮਕ ਪ੍ਰੀਖਿਆ ਹੋਵੇ ਕਿ ਕਿਸ ਨੂੰ ਰੱਬ ਗ਼ੈਬ ਦੀਆਂ ਗਲੱਾਂ ਦਿੰਦਾ ਹੈ ਅਤੇ ਕਿਸ ਦੀਆਂ ਦੁਆਵਾਂ ਕ਼ਬੂਲ ਕਰਦਾ ਹੈ ਅਤੇ ਕਿਸ ਦੇ ਲਈ ਆਪਣੇ ਵੱਡੇ ਵੱਡੇ ਨਿਸ਼ਾਨ ਦਿਖਾਉਂਦਾ ਹੈ ਤਾਂ ਮੈਂ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੈਂ ਹੀ ਗ਼ਾਲਬ ਰਹਾਂਗਾ । ਕੀ ਕੋਈ ਹੈ !! ? ਇਸ

ਪ੍ਰੀਖਿਆ ਵਿੱਚ ਮੇਰੇ ਮੁਕਾਬਲੇ'ਤੇ ਆਏ । ਹਜ਼ਾਰਾਂ ਹੀ ਨਿਸ਼ਾਨ ਰੱਬ ਨੇ ਕੇਵਲ ਇਸ ਲਈ ਮੈਂਨੂੰ ਦਿੱਤੇ ਕਿ ਦੁਸ਼ਮਣ ਜਾਣ ਜਾਏ ਕਿ ਇਸਲਾਮ ਧਰਮ ਸਚੱਾ ਹੈ । ਮੈਂ ਅਪਣਾ ਕੋਈ ਸਨਮਾਨ ਨਹੀਂ ਚਾਹੁੰਦਾ ਸਗੋਂ ਉਸ ਦਾ ਸਨਮਾਨ ਚਾਹੁੰਦਾ ਹਾਂ ਜਿਸ ਕਰਕੇ ਮੈਂ ਭੇਜਿਆ ਗਿਆ ਹਾਂ ।"

(ਰੂਹਾਨੀ ਖ਼ਜ਼ਾਇਨ ਭਾਗ 22 ਪੰਨ੍ਹਾ 181, ਹਕੀਕਾਤੁਲ ਵਹੀ ਪੰਨ੍ਹਾ 176)

# ਖੁਲ੍ਹੱਾ ਚੈਲੰਜ

"ਮੈਂਨੂੰ ਉਸ ਦੇ ਮੂੰਹ ਦੀ ਸਹੁੰ ਹੈ ਕਿ ਮੈਂ ਹੁਣ ਵੀ ਉਸ ਨੂੰ ਦੇਖ ਰਿਹਾ ਹਾਂ । ਦੁਨੀਆ ਮੈਂਨੂੰ ਨਹੀਂ ਪਛਾਣਦੀ ਪਰ ਉਹ ਮੈਂਨੂੰ ਜਾਣਦਾ ਹੈ ਜਿਸ ਨੇ ਮੈਂਨੂੰ ਭੇਜਿਆ ਹੈ । ਇਹ ਉਹਨਾਂ ਲੋਕਾਂ ਦੀ ਗ਼ਲਤੀ ਹੈ ਅਤੇ ਸਰਾਸਰ ਦੁਰਭਾਗ ਹੈ ਕਿ ਮੇਰੀ ਤਬਾਹੀ ਚਾਹੁੰਦੇ ਹਨ । ਮੈਂ ਉਹ ਰੁੱਖ ਹਾਂ ਜਿਸ ਨੂੰ ਹਕੀਕੀ ਮਾਲਕ ਨੇ ਆਪਣੇ ਹੱਥੀਂ ਲਾਇਆ ਹੈ, ਜੋ ਮਨੁੱਖ ਮੈਂਨੂੰ ਕਟੱਣਾ ਚਾਹੁੰਦਾ ਹੈ ਉਸ ਦਾ ਸਿਟੱਾ ਸਿਵਾਏ ਇਸ ਦੇ ਹੋਰ ਕੁਝ ਨਹੀਂ ਕਿ ਉਹ ਕਾਰੂਨ ਅਤੇ ਯਹੂਦਾ ਇਸਕਰਯੂਤੀ ਤੇ ਅਬੂਜਹਲ ਦੇ ਨਸੀਬਾਂ ਵਿੱਚੋਂ ਕੁਝ ਹਿਸੱਾ ਲੈਂਣਾ ਚਾਹੁੰਦਾ ਹੈ । ਮੈਂ ਪ੍ਰਤੀਦਿਨ ਇਸ ਗੱਲ ਲਈ ਭਿੱਜੀਆਂ ਅਖੱਾਂ ਨਾਲ ਤਿਆਰ ਹਾਂ ਕਿ ਕੋਈ ਮੈਦਾਨ ਵਿੱਚ ਨਿਕਲੇ ਅਤੇ ਮਿਨਹਾਜੇ ਨਬੁਵੱਤ (ਨਬੁਵੱਤ ਦੇ ਮਾਰਗ) ਵਿੱਚ ਮੇਰੇ ਨਾਲ ਫ਼ੈਸਲਾ ਕਰਨਾ ਚਾਹੇ ਫਿਰ ਦੇਖੇ ਕਿ ਰੱਬ ਕਿਸ ਨਾਲ ਹੈ । ਪਰ ਮੈਦਾਨ ਵਿੱਚ ਨਿਕਲਣਾ ਕਿਸੇ ਹਿਜੜੇ (ਨਪੁੰਸਕ) ਦਾ ਕੰਮ ਨਹੀਂ । ਹਾਂ, ਗ਼ੁਲਾਮ ਦਸਤਗੀਰ ਸਾਡੇ ਦੇਸ਼ ਪੰਜਾਬ ਵਿੱਚ ਕੁਫ਼ਰ ਦੇ ਲਸ਼ਕਰ (ਸੇਨਾ) ਦਾ ਇਕ ਸਿਪਾਹੀ ਸੀ ਜੋ ਮੌਤ ਦਾ ਸ਼ਿਕਾਰ ਹੋਇਆ । ਹੁਣ ਉਹਨਾਂ ਲੋਕਾਂ ਵਿੱਚ ਉਸ ਵਾਂਗ ਵੀ ਕੋਈ ਨਿਕਲਣਾ ਦੁਰਲਭ ਤੇ ਅਸੰਭਵ ਹੈ । ਹੇ, ਲੋਕੋ ! ਤੁਸੀਂ ਨਿਸ਼ਚੇ ਹੀ ਜਾਣ ਲਓ ਕਿ ਮੇਰੇ ਨਾਲ ਉਹ ਹੱਥ ਹੈ ਜੋ ਅਖੀਰ ਸਮੇਂ ਤੱਕ ਮੇਰੇ ਨਾਲ ਵਫ਼ਾਦਾਰੀ ਕਰੇਗਾ

। ਜੇਕਰ ਤੁਹਾਡੇ ਪੁਰੁਸ਼ ਤੇ ਤੁਹਾਡੀਆਂ ਇਸਤਰੀਆਂ ਅਤੇ ਤੁਹਾਡੇ ਜੁਆਨ ਅਤੇ ਤੁਹਾਡੇ ਬਜ਼ੁਰਗ ਅਤੇ ਤੁਹਾਡੇ ਛੋਟੇ ਤੇ ਤੁਹਾਡੇ ਵੱਡੇ ਸਾਰੇ ਰਲਕੇ ਮੇਰੇ ਹਲਾਕ ਹੋਣ ਲਈ ਦੁਆਵਾਂ ਕਰਨ ਏਥੋਂ ਤੱਕ ਕਿ ਸਜੱਦੇ ਕਰਦਿਆਂ ਕਰਦਿਆਂ ਨੱਕ ਸੜ ਜਾਣ ਅਤੇ ਹੱਥ ਸ਼ਿਥਿਲ ਹੋ ਜਾਣ ਤੱਦ ਵੀ ਰੱਬ ਤੁਹਾਡੀ ਉਕੱਾ ਹੀ ਦੁਆਵਾਂ ਨਹੀਂ ਸੁਣੇਗਾ ਅਤੇ ਨਹੀਂ ਰੁਕੇਗਾ ਜੱਦ ਤੱਕ ਉਹ ਆਪਣੇ ਕੰਮ ਪੂਰੇ ਨ ਕਰ ਲਏ ਅਤੇ ਜੇਕਰ ਮਨੁੱਖਾਂ ਵਿੱਚ ਇਕ ਵੀ ਮੇਰੇ ਨਾਲ ਨ ਹੋਵੇ ਤਾਂ ਰੱਬ ਦੇ ਫ਼ਰਿਸ਼ਤੇ ਮੇਰੇ ਨਾਲ ਹੋਣਗੇ ਅਤੇ ਜੇਕਰ ਤੁਸੀਂ ਗਵਾਹੀ ਨੂੰ ਲੁਕਾਓ ਤਾਂ ਨੇੜੇ ਹੈ ਕਿ ਪਥੱਰ ਮੇਰੇ ਲਈ ਗਵਾਹੀ ਦੇਣ । ਸੋ, ਆਪਣੀਆਂ ਜਾਨਾ'ਤੇ ਜ਼ੁਲਮ ਨ ਕਰੋ, ਝੂਠਿਆਂ ਦੇ ਮੂੰਹ ਹੋਰ ਹੁੰਦੇ ਹਨ ਅਤੇ ਸੱਚਿਆਂ ਦੇ ਹੋਰ । ਰੱਬ ਕਿਸੇ ਕੰਮ ਨੂੰ ਬਿਨਾ ਫ਼ੈਸਲੇ ਦੇ ਨਹੀਂ ਛਡੱਦਾ ।"

(ਰੂਹਾਨੀ ਖ਼ਜ਼ਾਇਨ ਭਾਗ **17**, ਪੰਨ੍ਹਾ **399-400**, ਅਰਬਾਈਨ ਨੰਬਰ **3** ਪੰਨ੍ਹਾ **14-15**)